# ਲੋਕਤਾ

ਅਗਸਤ- 1989

**August - 1989**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

ਮਾਸਿਕ

# ਲੋਕਤਾ

ਅਗਸਤ AUGUST 1989

2nd class Mail Reg. No. 6794

Vol. 13 No. 8

# The Lokta

Monthly Magazine

'ਕਰਤਾਰ ਸਿੰਘ ਸਰਾਭਾ ਦਾ ਅੰਤਮ ਸੰਦੇਸ਼, ਜਿਹੜਾ ਉਨ੍ਹਾਂ ਨੇ ਦੇਸ-ਵਾਸੀਆਂ ਦੇ ਨਾਂ ਜੇਲ੍ਹ ਵਿਚੋਂ ਭੇਜਿਆ।'

"ਹਿੰਦ-ਵਾਸੀਓ* ਰਖਣਾ ਯਾਦ ਸਾਨੂੰ,
ਕਿਤੇ ਦਿਲਾਂ ਤੋਂ ਨਾਂਹ ਭੁਲਾ ਜਾਣਾ।
ਖ਼ਾਤਰ ਵਤਨ ਦੀ ਲਗੇ ਹਾਂ ਚੜ੍ਹਨ ਫਾਂਸੀ,
ਸਾਨੂੰ ਵੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ,
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ।
ਦੇਸ-ਵਾਸੀਓ ਚਮਕਣਾ ਚੰਦ ਵਾਂਗੂੰ,
ਕਿਤੇ ਬੱਦਲਾਂ ਦੇ ਹੇਠ ਨਾ ਆ ਜਾਣਾ।
ਕਰ ਕੇ ਦੇਸ ਦੇ ਨਾਲ ਧਰੋਹ ਯਾਰੋ,
ਦਾਗ਼ ਕੌਮ ਦੇ ਮੱਥੇ ਨਾ ਲਾ ਜਾਣਾ।
ਮੂਲਾ ਸਿੰਘ ਕਿਰਪਾਲ ਨਵਾਬ ਵਾਂਗੂੰ,
ਅਮਰ ਸਿੰਘ ਨਾ ਕਿਸੇ ਕਹਾ ਜਾਣਾ।
ਜੇਲ੍ਹਾਂ ਹੈਨ ਕਾਲਜ ਵਤਨ-ਸੇਵਕਾਂ ਦੇ,
ਦਾਖ਼ਲ ਹੋਇ ਕਿ ਡਿਗਰੀਆਂ ਪਾ ਜਾਣਾ।
ਹੁੰਦੇ ਫ਼ੇਲ੍ਹ ਬਹੁਤੇ ਅਤੇ ਪਾਸ ਥੋੜੇ,
ਵਤਨ ਵਾਸੀਓ ਦਿਲ ਨਾ ਢਾ ਜਾਣਾ।
ਪਿਆਰੇ ਵੀਰਨੋਂ ਚਲੇ ਹਾਂ ਅਸੀਂ ਜਿਥੇ,
ਏਸੇ ਰਸਤਿਓਂ ਤੁਸੀਂ ਵੀ ਆ ਜਾਣਾ।"

'ਗ਼ਦਰ ਦੀ ਗੂੰਜ' ਅੰਕ ੫, ਸਫਾ ੮

(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

PUBLISHER
SURINDER SINGH SANGHA

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ

# The Lokta

ਅਗਸਤ AUGUST 1989
Vol. 13 No. 8

P.O.BOX 67534 STN. '0'
VANCOUVER, B.C. V5W 3T9
Monthly Magazine — 2nd Class Mail
Reg. No. 6794



**LOKTA BOARD**

MANAGER
Harkewal S. Dhaliwal 588-4279

**EDITORIAL BOARD**

Soofi Amarjit 581-7811
Surinder S. Sangha 588-5217
Mohinder S. Soomel 327-6461
Gurnam S. Sanghera 325-1662

**ADVERTISEMENT**
Amarjit Chatha

**LOKTA Representative**
Ranjit S. Sandhu - Williams Lake (398-6111)
Surinder S. Johal - Edmonton (461-6073)
Nirmal S. Dhindsa - Brampton (453-8149)
Rajinder S. Dhaliwal - Winnipeg (633-5229)
Surjit S. Bopanrai - Quesnel (992-3849)
Hakam S. Hans - Prince Rupert (624-3284)
Shavinder S. Basi - Toronto (740-1235)



ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ — 25 ਸੈਂਟ



ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ

ਰਾਜ ਸਿੰਘ ਮਾਨ

ਨੂੰ ਮਿਲੋ

- ਲਾਈਫ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ



NORTH AMERICAN LIFE
RRSP

Ph. 943-1526 **Raj Singh Maan** Sales Manager

1507 - 330 Portage Ave. WINNIPEG, MAN. R3C 0C4

Res. 694-0731

■ Personal ■ Children's ■ Group ■ Annuities

Commissioner for oaths

FULL CATERING SERVICES SINCE 1975

- BEST FOOD
- BEST SERVICE • BEST PRICE

CALL BALWANT RAJA AT
325-5014

ਮੋਤੀ ਮਹੱਲ
Restaurant & SWEETS

6450 MAIN STREET (at 49th., AVE)
VANCOUVER, B.C. CANADA V5W 2V4

moti-mahal

PH. 321-3223

SPECIAL OFFER:
FOR WEDDING SWEETS AND YOUR CATERING NEEDS

## ਸੰਪਾਦਕੀ

# ਭਾਰਤੀ ਆਜ਼ਾਦੀ ਦਿਵਸ

ਬੜੀ ਲੰਮੀ ਜਦੋਜਹਿਦ ਅਤੇ ਹਜ਼ਾਰਾਂ ਹੀ ਸ਼ਹੀਦੀਆਂ ਦੇ ਕੇ ਪ੍ਰਾਪਤ ਕੀਤੀ ਹੋਈ ਭਾਰਤੀ ਆਜ਼ਾਦੀ ਦੀ 42ਵੀਂ ਬਰਸੀ ਮਨਾਈ ਜਾ ਰਹੀ ਹੈ। ਭਾਰਤ ਦੀ ਆਜ਼ਾਦੀ ਮਨਾਉਣਾ ਤੇ ਉਸ ਦੀ ਰਾਖੀ ਕਰਨਾ ਹਰ ਭਾਰਤੀ ਦਾ ਫਰਜ਼ ਹੈ। ਨਾਲ ਹੀ ਹਰ ਭਾਰਤੀ ਨੂੰ ਚੰਗੀ ਜ਼ਿੰਦਗੀ ਜਿਉਣ ਦਾ ਹੱਕ ਹੈ। ਹਰ ਪ੍ਰਾਣੀ ਨੂੰ ਆਸ ਸੀ ਕਿ ਉਹ ਸੁਖੀ ਜੀਵਨ ਬਤੀਤ ਕਰੇਗਾ - ਗੀ। ਅਤੇ ਨਾਲ ਹੀ ਭਾਰਤੀ ਅਖੰਡਤਾ ਤੇ ਭਰਾਤਰੀ ਭਾਵ ਨੂੰ ਕੋਈ ਖਤਰਾ ਨਹੀਂ ਹੋਵੇਗਾ।

ਪਰ ਅੱਜ 42 ਸਾਲ ਪਿੱਛੋਂ ਨਾ ਤਾਂ ਮਜ਼ਦੂਰ ਕਿਸਾਨ ਦਾ ਜੀਵਨ ਹੀ ਸੌਖਾ ਹੈ ਅਤੇ ਨਾ ਹੀ ਭਾਰਤੀ ਆਜ਼ਾਦੀ ਤੇ ਅਖੰਡਤਾ ਖਤਰੇ ਤੋਂ ਬਾਹਰ ਹੈ। ਐਨੇ ਲੰਮੇ ਸਮੇਂ ਲਈ ਲਗਾਤਾਰ (ਵਿੱਚ ਢਾਈ ਸਾਲ ਛੱਡ ਕੇ) ਇੱਕੋ ਕਾਂਗਰਸ ਪਾਰਟੀ ਹੀ ਹਕੂਮ ਕਰਦੀ ਰਹੀ ਹੈ। ਉਹ ਵਾਅਦੇ ਕਰਕੇ ਮੁਕਰਦੀ ਰਹੀ ਹੈ ਅਤੇ ਵੱਡੀ ਸਰਮਾਏਦਾਰੀ ਦੀ ਅਗਵਾਈ ਵਿੱਚ ਵੱਡੇ ਧਨੀਆਂ ਅਤੇ ਜਾਗੀਰਦਾਰਾਂ ਦੀ ਖੁਸ਼ਹਾਲੀ ਵਧਾਉਂਦੀ ਰਹੀ ਹੈ। ਜੋ ਲੋਕਾਂ ਨੇ ਪ੍ਰਾਪਤੀਆਂ ਕੀਤੀਆਂ ਹਨ, ਉਹ ਆਪਣੇ ਦਬਾ ਅਤੇ ਜਦੋਜਹਿਦਾਂ ਪਿੱਛੋਂ। ਇਸ ਰਾਜ ਵਿੱਚ ਗਰੀਬ ਹੋਰ ਗਰੀਬ ਹੋਇਆ ਹੈ ਅਤੇ ਅਮੀਰ ਹੋਰ ਅਮੀਰ ਹੋਇਆ ਹੈ। ਭ੍ਰਿਸ਼ਟਾਚਾਰ ਚੋਰ ਬਾਜ਼ਾਰੀ ਕੁਣਬਾਪ੍ਰਸਤੀ ਨੇ ਦਿਨ ਦੂੱਗਣੀ ਰਾਤ ਤੌਗਣੀ ਉਨਤੀ ਕੀਤੀ ਹੈ। ਮਜ਼ਦੂਰ ਕਿਸਾਨ ਦੀਆਂ ਮੰਗਾਂ ਤੇ ਲਹਿਰ ਨੂੰ ਦਬਾਉਣ ਲਈ ਨਵੇਂ ਕਾਨੂੰਨ ਘੜੇ ਜਾਂਦੇ ਹਨ। ਕੇਂਦਰ ਜਾਂ ਦੇਸ਼ ਦੀ ਮਜ਼ਬੂਤੀ ਦੇ ਨਾਮ ਤੇ ਵਿਧਾਨ ਵਿੱਚ ਸੋਧਾਂ ਰਾਹੀਂ (ਜਿਵੇਂ ਹੁਣ ਵਿਧਾਨ ਵਿੱਚ 64ਵੀਂ ਸੋਧ ਪੰਚਾਇਤ ਰਾਜ ਬਿੱਲ) ਸੂਬਿਆਂ ਤੋਂ ਹੱਕ ਖੋਹੇ ਜਾ ਰਹੇ ਹਨ। ਸੂਬਿਆਂ ਪਾਸ ਤਾਂ ਪਹਿਲਾਂ ਹੀ ਬਹੁਤ ਥੋੜ੍ਹੇ ਹੱਕ ਹਨ ਅਤੇ ਉਹਨਾਂ ਨੂੰ ਵੀ ਕੇਂਦਰ ਆਪਣੀ ਮਨਮਾਨੀ ਨਾਲ ਕੁਚਲ ਦਿੰਦਾ ਹੈ। ਸਰਕਾਰੀਆ ਕਮਿਸ਼ਨ ਨੇ ਵੀ ਸੂਬਿਆਂ ਨੂੰ ਵੱਧ ਅਧਿਕਾਰਾਂ ਲਈ ਸਿਫਾਰਸ਼ ਕੀਤੀ ਮਾਰਕਸੀ ਪਾਰਟੀ 1970 ਤੋਂ ਹੀ ਲਿਖਤੀ ਤੌਰ ਤੇ ਆਖ ਰਹੀ ਹੈ ਕਿ ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਜਾਣ। ਪਰ ਹੁਣ ਸਗੋਂ ਇਹਨਾਂ ਨੂੰ ਹੋਰ ਖੋਰ ਲਾਈ ਜਾ ਰਹੀ ਹੈ ਜਿਸ ਨੂੰ ਰੋਕਣ ਦੀ ਲੋੜ ਹੈ।

ਇਸ ਤਰ੍ਹਾਂ ਵਿਦੇਸ਼ੀ ਧਨੀਆਂ ਦੇ ਸਾਮਰਾਜੀਆਂ ਨੂੰ (ਆਰਥਿਕ ਖੇਤਰ ਵਿੱਚ) ਛੋਟਾਂ ਦਿੱਤੀਆਂ ਜਾ ਰਹੀਆਂ ਹਨ। ਬੋਫੋਰਜ਼ ਵਰਗੇ ਤੋਪਾਂ ਤੇ ਹੋਰ ਫੌਜੀ ਸਮਾਨ ਸਮੇਂ ਬਿਨਾਂ ਟੈਂਡਰ ਲਏ ਧਾਂਦਲੀ ਮਚਾ ਰਹੀ ਭਾਰਤੀ ਐਡੀਟਰ ਜਨਰਲ ਨੇ ਭੀ ਨੁਕਸਾਂ, ਘਾਟਿਆਂ, ਚੋਰ ਬਾਜ਼ਾਰੀ ਤੇ ਵੱਢੀਆਂ ਆਦਿ ਬਾਰੇ ਰਿਪੋਰਟ ਦਿੱਤੀ ਹੈ। ਸਰਕਾਰ ਪਹਿਲਾਂ ਤਾਂ ਇਸ ਸਕੈਂਡਲ ਨੂੰ ਮੰਨਦੀ ਹੀ ਨਹੀਂ ਸੀ। ਹੁਣ ਸਿਰਫ ਪਾਰਲੀਮੈਂਟ ਵਿੱਚ ਬਹਿਸ ਕਰਾ ਕੇ ਆਪਣੀ ਬਹੁ ਮੱਤ ਨਾਲ ਠੱਪ ਕਰਨਾ ਚਾਹੁੰਦੀ ਹੈ।

ਆਰਥਿਕ ਤੌਰ ਤੇ ਸਥਿਤੀ ਨਿਘਰਦੀ ਜਾ ਰਹੀ ਹੈ। ਭਾਵੇਂ ਤਰੱਕੀ ਹੋਈ ਪਰ ਲੇਖਾ ਪੱਤਾ ਕਰਨ ਤੇ ਪਤਾ ਲਗਦਾ ਹੈ ਕਿ ਭਾਰਤ ਤੇ ਭਾਰਤੀ ਲੋਕ ਅੱਗੇ ਨਾਲੋਂ ਗਰੀਬ ਹੋਏ ਹਨ। ਲੋਕ ਮਾਰੂ ਨੀਤੀਆਂ ਤੇ ਆਰਥਿਕ ਕਦਮ (ਸਰਮਾਏਦਾਰੀ) ਰਾਹ ਤੇ ਚਲ ਕੇ ਹੋਰ ਘਾਟ ਪਾ ਰਹੇ ਹਨ। 1980 - 81 ਵਿੱਚ ਬੱਜਟ ਵਿੱਚ ਬਾਰਾਂ ਹਜ਼ਾਰ ਕਰੋੜ ਰੁਪਏ ਦਾ ਘਾਟਾ ਸੀ ਤੇ 1986 - 87 ਵਿੱਚ ਵਧ ਕੇ ਬਤਾਲੀ ਹਜ਼ਾਰ ਕਰੋੜ ਰੁਪਏ ਹੋ ਗਿਆ। ਇਸ ਹੀ ਤਰ੍ਹਾਂ ਵਿਦੇਸ਼ੀ ਕਰਜ਼ਾ ਭੀ ਤਰੱਕੀ ਕਰਦਾ ਗਿਆ। ਭਾਰਤੀ ਸਰਵੇਖਣ ਅਨੁਸਾਰ ਪਚਵੰਜਾ ਹਜ਼ਾਰ ਕਰੋੜ ਰੁਪਏ ਦਾ ਘਾਟਾ ਹੈ ਪਰ O.E.C.D. ਅਨੁਸਾਰ 1988 ਵਿੱਚ ਅੱਸੀ ਹਜ਼ਾਰ ਕਰੋੜ ਰੁਪਏ ਦਾ ਵਿਦੇਸ਼ੀ ਕਰਜ਼ਾ ਸੀ। 1989 ਦੇ ਅੰਤ ਵਿੱਚ 90 ਹਜ਼ਾਰ ਕਰੋੜ ਰੁਪਏ ਹੋਵੇਗਾ। ਇਸ ਦਾ ਭਾਰ ਲੋਕਾਂ ਸਿਰ ਹੈ ਅਤੇ ਇਸ ਦੀ ਪੂਰਤੀ ਲਈ ਲੋਕ ਵਿਰੋਧੀ ਨੀਤੀਆਂ ਘੜੀਆਂ ਜਾਂਦੀਆਂ ਹਨ।

ਸਿਆਸੀ ਤੌਰ ਤੇ ਭੀ ਅਤਿ ਭੈੜਾ ਹਾਲ ਹੈ। ਦੇਸ਼ ਨੂੰ ਅਸਥਿਰ ਕਰਨ ਤੇ ਤੋੜਨ ਲਈ ਸਾਮਰਾਜੀ ਤਾਕਤਾਂ ਸਰਗਰਮ ਹਨ। ਫਿਰਕੂ ਮੂਲਵਾਦੀ, ਅਤਿਵਾਦੀ, ਅਮਰੀਕੀ ਅਤੇ ਹੋਰ ਸਾਮਰਾਜੀ ਸ਼ਹਿ ਤੇ ਪੰਜਾਬ - ਕਸ਼ਮੀਰ ਵਿੱਚ ਸਰਗਰਮ ਹਨ। ਅਮਰੀਕੀ ਸੀ. ਆਈ. ਏ. ਨੇ ਗੋਰਖਾਲੈਂਡ ਦਾ ਮਸਲਾ ਖੜ੍ਹਾ ਕੀਤਾ ਤੇ ਕਾਂਗਰਸ ਸਰਕਾਰ ਨੇ ਆਪ ਹੀ ਉਸ ਨੂੰ ਉਤਸ਼ਾਹਿਤ ਕੀਤਾ। ਅਮਰੀਕੀ ਸੀ. ਆਈ. ਏ. ਦੀ ਬ੍ਰਹਮਪੁੱਤਰਾ ਪਲੈਨ ਭੀ ਭਾਰਤ ਨੂੰ ਅਸਥਿਰ ਕਰਨ ਲਈ ਸੀ। ਅੱਜ ਪਾਕਿਸਤਾਨ ਰਾਹੀਂ ਪੰਜਾਬ ਵਿੱਚ ਅਤਿਵਾਦੀ - ਵੱਖਵਾਦੀ ਖਾਲਿਸਤਾਨੀ ਦੇਸ਼ ਨੂੰ ਅਸਥਿਰ ਕਰਨ ਲਈ ਵਰਤੇ ਜਾ ਰਹੇ ਹਨ। ਅੱਜ ਮੁੜ ਭਾਰਤੀ ਆਜ਼ਾਦੀ ਤੇ ਅਖੰਡਤਾ ਨੂੰ ਖਤਰਾ ਹੈ। ਫਿਰਕੂ ਜਨੂੰਨੀ ਵੱਖਵਾਦੀ ਆਪਣੇ ਘਿਨਾਉਣੇ ਕਰਮਾਂ ਰਾਹੀਂ ਹਿੰਦੂ ਸਿੱਖ ਨੂੰ ਲੜਾਉਣ ਦੇ ਯਤਨ ਕਰ ਰਹੇ ਹਨ। ਹਜ਼ਾਰਾਂ ਹੀ ਲੋਕਾਂ ਨੂੰ ਕਤਲ ਕਰ ਚੁੱਕੇ ਹਨ। ਪਰ ਅਫਸੋਸ ਤੇ ਦੁੱਖਦਾਈ ਗੱਲ ਇਹ ਹੈ ਕਿ ਭਾਰਤੀ ਕਾਂਗਰਸੀ ਸਰਕਾਰ ਇਸ ਮਸਲੇ ਨੂੰ ਸਿਆਸੀ ਢੰਗ ਨਾਲ ਨਿਜੱਠਣ ਲਈ ਤੁਰਦੀ ਹੀ ਨਹੀਂ। ਸਗੋਂ ਪੰਜਾਬ ਦੇ ਮਸਲੇ ਨੂੰ ਸਿਆਸੀ ਦੀਆਂ ਪਾਰਲੀਮਾਨੀ ਚੋਣਾਂ ਵਿੱਚ ਵਰਤਿਆ ਅਤੇ ਫਿਰ ਇਸ ਹੀ ਮਸਲੇ ਨੂੰ ਰਾਜੀਵ ਵਰਤਣਾ ਚਾਹੁੰਦਾ ਹੈ।

ਕਾਂਗਰਸ ਸਰਕਾਰ ਇਸ ਬਾਰੇ ਕੋਈ ਸਾਂਝੀ ਲੋਕ ਮੁਹਿਮ ਲਈ ਤਿਆਰ ਨਹੀਂ ਖੁਲ੍ਹ ਕੇ ਅਮਰੀਕਾ ਤੇ ਪਾਕਿਸਤਾਨ ਨੂੰ ਭੰਡਣ ਲਈ ਤਿਆਰ। ਸਗੋਂ ਕਾਂਗਰਸ ਖੁਦ ਫਿਰਕਾਪ੍ਰਸਤੀ ਨੂੰ ਉਭਾਰਦੀ ਤੇ ਉਤਸ਼ਾਹਿਤ ਕਰਦੀ ਹੈ। ਜਰਨੈਲ ਸਿੰਘ ਭਿੰਡਰਾਂਵਾਲਾ ਕਾਂਗਰਸ ਦੀ ਉਪਜ ਤੇ ਉਭਾਰ ਸੀ। ਜਸਬੀਰ ਸਿੰਘ ਰੋਡੇ ਨੂੰ ਛੱਡ ਕੇ ਦਮਦਮੀ ਟਕਸਾਲ ਦੀ ਮੱਦਦ ਨਾਲ ਆਪਣੀ ਸਾਖ ਚਾਹੀ ਪਰ ਸਫਲ ਨਾ ਹੋਈ ਹੁਣ ਫਿਰ ਕਾਂਗਰਸ ਕੁਝ ਮੂਲਵਾਦੀ - ਵੱਖਵਾਦੀ ਗਰੁੱਪਾਂ ਨਾਲ ਗੱਲ ਚਲਾ ਰਹੀ ਹੈ ਤੇ ਅਕਾਲੀਆਂ ਨੂੰ ਨੁਕਰੇ ਲਾਉਣ ਦੀ ਕੋਸ਼ਿਸ਼ ਵਿੱਚ ਹ੦।

ਲੋੜ ਤਾਂ ਸੀ ਕਿ ਭਾਰੀ ਬਹੁ-ਗਿਣਤੀ (ਜੋ ਵੱਖਵਾਦ ਦੇ ਵਿਰੁੱਧ ਹਨ) ਨੂੰ ਨਾਲ ਲੈ ਕੇ ਬਾਕੀ ਪਾਰਟੀਆਂ ਨਾਲ ਰਲ ਕੇ ਵੱਖਵਾਦ ਵਿਰੁੱਧ ਸਿਆਸੀ ਮੁਹਿਮ ਲਾਮਬੰਦ ਕਰਕੇ ਮੂਲਵਾਦੀ ਵੱਖਵਾਦੀ ਲੀਕਾਂ ਨੂੰ ਨਿਖੇੜਿਆ ਜਾਂਦਾ। ਰਾਜੀ - ਲੌਂਗੋਵਾਲ ਸਮਝੌਤੇ ਨੂੰ ਚੌਹਾਂ ਸਾਲਾਂ ਵਿੱਚ ਵੀ ਲਾਗੂ ਨਾ ਕੀਤਾ। ਨਾਲ ਹੀ ਦਿੱਲੀ ਦੇ ਸਿੱਖਾਂ ਦੇ ਕਾਤਲ ਦੀ ਸਜ਼ਾ ਨਾ ਦੇਣਾ ਮੌਕਾਪ੍ਰਸਤੀ ਹੈ। ਸੋ ਕਾਂਗਰਸ ਸਰਕਾਰ ਦੀ ਮੌਕਾਪ੍ਰਸਤ ਤੇ ਧਨੀ ਹਿਤੂ ਤੇ ਫੁੱਟ ਪਾਊ ਨੀਤੀਆਂ ਦੇਸ਼ ਲਈ ਘਾਤਕ ਹਨ। ਉਹਨਾਂ ਨੂੰ ਭਾਰਤੀ ਅਖੰਡਤਾ ਦਾ ਕੋਈ ਫਿਕਰ ਨਹੀਂ। ਲੋਕ ਉਸ ਤੋਂ ਆਤੁਰ ਹਨ। ਸੋ ਉਹ ਏਕਾ ਅਧਿਕਾਰਵਾਦ ਵੱਲ ਵਧ ਰਿਹਾ ਹੈ, ਜਿਸ ਨੂੰ ਰੋਕਣਾ ਜ਼ਰੂਰੀ ਹੈ। ਸੋ ਦੇਸ਼ ਦੀ ਅਖੰਡਤਾ, ਭਰਾਤਰੀ ਭਾਵ, ਲੋਕ ਭਲਾਈ ਅਤੇ ਬੇਇਨਸਾਫੀ ਜਬਰ ਤੋਂ ਬਚਾਉਣ ਲਈ ਰਾਜੀਵ ਕਾਂਗਰਸ ਨੂੰ ਗੱਦੀ ਤੋਂ ਲਾਹੁਣਾ ਜ਼ਰੂਰੀ ਹੈ। ਪਰ ਇਸ ਦੇ ਨਾਲ ਹੀ ਭਾਰਤੀ ਏਕਤਾ ਤੇ ਆਜ਼ਾਦੀ ਨੂੰ ਕਾਇਮ ਰੱਖਣ ਸਾਮਰਾਜੀ ਚਾਲਾਂ ਨੂੰ ਫੇਲ੍ਹ ਕਰਨ ਅਤੇ ਮੂਲਵਾਦੀ ਫਿਰਕੂਆਂ ਨੂੰ ਭਾਂਜ ਦੇਣੀ ਜ਼ਰੂਰੀ ਹੈ। ਅੱਜ ਜਦੋਂ ਅਸੀਂ ਆਜ਼ਾਦੀ ਦਿਵਸ ਅਤੇ ਕਾਮਾ ਗਾਟਾ ਮਾਰੂ ਦੀ 75ਵੀਂ ਬਰਸੀ ਮਨਾ ਰਹੇ ਹਾਂ। ਆਓ ਪ੍ਰਣ ਕਰੀਏ ਕਿ ਵੰਡਵਾਦੀ ਲੋਕਾਂ ਨੂੰ ਨਿਖੇੜਨਾ ਤੇ ਭਾਂਜ ਦੇਣੀ ਹੈ ਅਤੇ ਲੋਕਾਂ ਦੀ ਏਕਤਾ ਉਸਾਰਦੇ ਹੋਏ ਸਾਮਰਾਜੀ ਚਾਲਾਂ ਵਿਰੁੱਧ ਲੜਦੇ ਨੂੰ ਭਾਰਤੀ ਆਜ਼ਾਦੀ ਨੂੰ ਕਾਇਮ ਰੱਖਣਾ ਹੈ।

# ਗਰਭਪਾਤ ਦਾ ਮਸਲਾ

ਪਿਛਲੇ ਕਈ ਸਾਲਾਂ ਤੋਂ ਹੀ ਗਰਭ-ਪਾਤ ਬਾਰੇ ਕਾਫੀ ਵਾਦ-ਵਿਵਾਦ ਚਲ ਰਿਹਾ ਹੈ। ਪਿਛਲੇ ਸਾਲ ਕਨੇਡਾ ਦੀ ਸੁਪਰੀਮ ਕੋਰਟ ਨੇ ਗਰਭ-ਪਾਤ ਦੀ ਖੁਲ੍ਹ ਦੇ ਦਿੱਤੀ ਸੀ ਅਤੇ ਨਾਲ ਹੀ ਪਾਰਲੀਮੈਂਟ ਨੂੰ ਆਖਿਆ ਕਿ ਇਹ ਉਸ ਦਾ ਮਸਲਾ ਹੈ ਕਿ ਉਹ ਨਵਾਂ ਕਾਨੂੰਨ ਬਣਾਏ। ਪਰ ਇਸ ਬਾਰੇ ਕਈ ਸੂਬਿਆਂ ਵਿੱਚ ਇਸ ਸਬੰਧ ਕੇਸ ਕਚਹਿਰੀਆਂ ਵਿੱਚ ਚਲ ਰਹੇ ਹਨ। ਗਰਭ-ਪਾਤ ਦੇ ਵਿਰੋਧੀਆਂ ਦਾ ਜ਼ੋਰ

ਲੱਗਾ ਹੋਇਆ ਹੈ ਕਿ ਉਸ ਫੈਸਲੇ ਨੂੰ ਉਲਟਾਇਆ ਜਾਵੇ। ਵੈਨਕੂਵਰ ਵਿੱਚ ਗਰਭ-ਪਾਤ ਲਈ ਖੁਲ੍ਹੇ ਕਲਿਨਿਕ ਦੇ ਅੱਗੇ (ਇਸ ਤਰ੍ਹਾਂ ਦੇ ਲੋਕ) ਧਰਨੇ ਮਾਰਦੇ ਅਤੇ ਔਰਤਾਂ ਨੂੰ ਕਲਿਨਿਕ ਦੇ ਅੰਦਰ ਜਾਣ ਤੋਂ ਰੋਕਦੇ ਹਨ। ਵੈਨਕੂਵਰ ਦੀ ਕੋਰਟ ਨੇ ਇਸ ਤਰ੍ਹਾਂ ਦੀ ਰੋਕ ਟੋਕ ਤੇ ਧਰਨਿਆਂ ਵਿਰੁੱਧ ਫੈਸਲਾ ਦਿੱਤਾ ਹੋਇਆ ਹੈ। ਪਰ ਫਿਰ ਭੀ ਗਰਭ-ਪਾਤ ਵਿਰੋਧੀ ਲੋਕ ਧਰਮ ਦੀ ਆੜ ਵਿੱਚ ਇਹ ਮੁਹਿਮ ਚਲਾ ਰਹੇ ਹਨ। ਉਹ ਕਿਸੇ ਅਮੂਰਤ ਰੱਬੀ ਪਰ ਦਲੀਲ ਰਹਿਤ ਹੁਕਮ ਦੀ ਗੱਲ ਆਖਦੇ ਹਨ ਕਿ ਸਰਕਾਰ ਦੇ ਬਣਾਏ ਕਾਨੂੰਨ ਜਾਂ ਕਚਹਿਰੀ ਵਲੋਂ ਦਿੱਤੇ ਫੈਸਲੇ ਤੋਂ ਕੋਈ ਅਮੂਰਤ ਤੇ ਅਣਸੁਣਿਆਂ ਫੈਸਲਾ ਉਪਰ ਹੈ। ਤਾਂ ਫਿਰ ਉਹ ਰੱਬੀ ਹੁਕਮ ਹੀ ਚਲਾਉਣੇ ਹਨ ਤਾਂ ਚੋਣਾਂ, ਕਚਹਿਰੀਆਂ ਤੇ ਪ੍ਰਬੰਧ ਦੀ ਭੀ ਲੋੜ ਨਹੀਂ। ਇਹ ਤਾਂ ਮੱਧ ਯੁੱਗ ਦੇ ਧਾਰਮਿਕ ਜਹਾਜ਼ ਵਰਗੀ ਗੱਲ ਹੀ ਆਖੀ ਜਾਵੇਗੀ। ਜਦੋਂ ਧਰਮ ਨੂੰ ਸਿਆਸੀ ਤੇ ਪ੍ਰਬੰਧਕੀ ਮਾਮਲਿਆਂ ਵਿੱਚ ਦਾਖਲ ਕੀਤਾ ਜਾਂਦਾ ਹੈ ਤਾਂ [illegible] ਤਰ੍ਹਾਂ ਦੀ ਗੜਬੜ ਚੌਥ ਦੀ ਸਸਭਾਵਨਾ ਹੋ ਜਾਂਦੀ ਹੈ।

[illegible]ਆਂ ਹਫਤਿਆਂ ਵਿੱਚ ਓਨਟੇਰੀਓ ਦੀ ਸੁਪਰੀਮ ਕੋਰਟ ਨੇ 11 [illegible], 1989 ਨੂੰ ਥੱਲੇ ਦੀ ਕਚਹਿਰੀ ਦਾ ਫੈਸਲਾ ਰੱਦ ਕਰ ਦਿੱਤਾ, ਜਿਸ ਵਿੱਚ ਆਖਿਆ ਗਿਆ ਸੀ ਕਿ ੨੨ ਸਾਲਾ ਔਰਤ ਡੌਡ ਗਰਭ-ਪਾਤ ਨਹੀਂ ਕਰਾ ਸਕਦੀ ਓਨਟੇਰੀਓ ਸੁਪਰੀਮ ਕੋਰਟ ਨੇ ਸ੍ਰੀਮਤੀ ਡੌਡ ਨੂੰ ਗਰਭ-ਪਾਤ ਦੀ ਇਜਾਜ਼ਤ ਦੇ ਦਿੱਤੀ ਤੇ ਉਸ ਨੇ ਕਰਾ ਲਿਆ। ਪਰ ਇਸ ਤੋਂ ਅਗਲੇ ਹਫਤੇ ਕਿਊਬੇਕ ਦੀ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਹੈ ਕਿ ਭਰੂਨ (ਫੀਟਸ, ਗਰਭ ਵਿੱਚ ਬਣ ਰਿਹਾ ਬੱਚਾ) ਇੱਕ ਇਨਸਾਨ ਹੈ ਤੇ ਉਸ ਦਾ ਪਾਤ ਨਹੀਂ ਕੀਤਾ ਜਾ ਸਕਦਾ। ਇਹ ਫੈਸਲਾ ਬਹੁਤ ਹੀ ਮਾਰੂ ਹੈ ਅਤੇ ਅਜੇ ਤੱਕ ਕਿਸੇ ਵੀ ਕਚਹਿਰੀ ਨੇ ਇਹ ਨਹੀਂ ਆਖਿਆ ਸੀ ਕਿ ਗਰਭ ਵਿੱਚ ਬਣ ਰਿਹਾ ਬੱਜਚਾ ਇੱਕ ਇਨਸਾਨ ਹੈ। ਇਸ ਨਾਲ ਅਣਚਾਹਤ ਤੇ ਬਲਾਤਕਾਰ ਰਾਹੀਂ ਠਹਿਰੇ ਗਰਭ ਨੂੰ ਪਾਤ ਕਰਨਾ ਅਤੇ ਉਹ ਗਰਭ ਜੋ ਔਰਤ ਦੀ ਸਿਹਤ ਲਈ ਖਤਰਾ ਹੋਵੇ, ਉਸ ਨੂੰ ਪਾਤ ਕਰਨਾ ਗੈਰ ਕਾਨੂੰਨੀ ਹੋਵੇਗਾ।

ਕੱਟੜਪੰਥੀ ਇਸ ਤੋਂ ਖੁਸ਼ ਹਨ ਪਰ ਇਸ ਵਿੱਚ ਔਰਤ ਦੀ ਆਪਣੀ ਆਜ਼ਾਦੀ ਆਪਣੀ ਸੋਚ ਨੂੰ ਕੁਚਲਣ ਦਾ ਯਤਨ ਹੈ। ਔਰਤ ਦਾ ਆਪਣਾ ਸਰੀਰ ਹੈ ਅਤੇ ਉਹ ਆਜ਼ਾਦ ਤੇ ਬਰਾਬਰ ਦਾ ਹੱਕ ਰੱਖਦੀ ਹੈ ਪਰ ਅਮਲ ਵਿੱਚ ਉਸ ਨੂੰ ਇਹ ਹਕ ਪ੍ਰਾਪਤ ਨਹੀਂ। ਆਰਥਿਕ ਤੇ ਸਮਾਜੀ ਜੀਵਨ ਵਿੱਚ ਔਰਤ ਨੂੰ ਨੀਵੇਂ ਦਰਜੇ ਤੇ ਰੱਖਿਆ ਜਾਂਦਾ ਹੈ। ਇਹ ਲੋਕ ਸਮਝਦੇ ਹਨ ਕਿ ਔਰਤ ਜਾਇਦਾਦ ਹੈ ਤੇ ਉਹ ਚੰਗਾ ਸਮਝਦਾਰ ਫੈਸਲਾ ਕਰਨ ਦੇ ਯੋਗ ਨਹੀਂ। ਸੋ ਇਹ ਗੱਲ ਉਸ ਗੁਲਾਮ, ਘਟੀਆ ਤੇ ਬੇਸਮਝ ਮਿਥ ਕੇ ਉਸ ਦੀ ਚੋਣ ਬਾਰੇ ਆਪ ਫੈਸਲਾ ਕਰਨ ਦਾ ਹੱਕ ਮੰਗਦੇ ਹਨ। ਅਸੀਂ ਇਹ ਸਮਝਦੇ ਹਾਂ ਕਿ ਔਰਤ ਹਰ ਤਰ੍ਹਾਂ ਆਦਮੀ ਦੇ ਕਰਾਬਰ ਹੈ ਹਰ ਚੰਗੇ ਮਾੜੇ ਫੈਸਲੇ ਦੀ ਸਮਝ ਰਖਦੀ ਹੈ ਅਤੇ ਗਰਭ ਪਾਤ ਬਾਰੇ ਉਸ ਦੀ ਆਪਣੀ ਮਰਜ਼ੀ ਹੋਣੀ ਚਾਹੀਦੀ ਹ੦। ਨਾਲ ਹੀ ਸਮਾਜੀ ਤੇ ਆਰਥਿਕ ਪਹਿਲੂਆਂ ਵਿੱਚ ਭੀ ਬਰਾਬਰ ਦਾ ਹੱਕ ਮਿਲਣਾ ਜਰੂਰੀ ਹੈ। ਜਿੰਨੀ ਦੇਰ ਅਸੀਂ ਸਹੀ ਅਰਥਾਂ ਵਿੱਚ ਔਰਤ ਨੂੰ ਬਰਾਬਰੀ ਤੇ ਆਪਣੀ ਚੋਣ ਦਾ ਹੱਕ ਨਹੀਂ ਦਿੰਦੇ, ਓਨੀ ਦੇਰ ਪਰਿਵਾਰ ਤੇ ਸਮਾਜ ਪੂਰੀ ਸਮਤੋਲ ਵਧ ਫੁੱਲ ਨਹੀਂ ਸਕਦਾ।

# ਰਿਹਾਇਸ਼ੀ ਕਿਰਾਏਦਾਰਾਂ
ਰਿਹਾਇਸ਼ੀ ਕਿਰਾਏਦਾਰਾਂ
# ਲਈ ਬਿੱਲ

ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ ਨਵਾਂ ਰਿਹਾਇਸ਼ੀ ਕਿਰਾਇਆ ਬਿੱਲ ਪੇਸ਼ ਕੀਤਾ ਹੈ, ਜਿਸ ਰਾਹੀਂ ਕਿਰਾਏਦਾਰਾਂ ਨੂੰ ਕੁਝ ਰਾਹਤ ਮਿਲਣ ਦੀ ਆਸ ਬੱਝੀ ਹੈ। ਰਿਹਾਇਸ਼ੀ ਕਿਰਾਏਦਾਰਾਂ ਦੇ ਗਰੁੱਪਾਂ ਨੇ ਇਸ ਦੀ ਪ੍ਰਸ਼ੰਸਾ ਕੀਤੀ ਹੈ। ਭਾਵੇਂ ਕਿ ਅਜੇ ਕਿਰਾਏਦਾਰਾਂ ਨੂੰ ਉਹ ਗੱਲ ਪ੍ਰਾਪਤ ਨਹੀਂ ਹੋ ਰਹੀ ਜੋ 1984 ਵਿੱਚ ਸੀ ਜਦੋਂ ਰੈਂਟਲਜ਼ਮੈਨ ਖਤਮ ਕਰ ਦਿੱਤਾ ਅਤੇ ਹੁਣ ਵੀ ਰੈਂਟਲਜ਼ਮੈਨ ਨੂੰ ਵਾਪਸ ਲਿਆਉਣ ਅਤੇ ਆਮ ਲੋਕਾਂ ਦੀ ਪਹੁੰਚ ਅੰਦਰ ਹੋਰ ਘਰ ਜਾਂ ਮਕਾਨ ਬਣਾਉਣ ਤੇ ਦੇਣ ਦਾ ਮੁੱਖ ਸੁਆਲ ਹੈ।

ਇਸ ਬਿੱਲ ਰਾਹੀਂ ਸਮਾਲ ਕਲੇਮ ਕੋਰਟ ਵਿੱਚ ਜਾਣ ਦੀ ਥਾਂ ਸਰਕਾਰ ਦੀ ਰਿਹਾਇਸ਼ੀ ਬਰਾਂਚ ਇਸ ਨਾਲ ਨਿਪਟੇਗੀ। ਰਿਹਾਇਸ਼ੀ ਕਿਰਾਏ ਲਈ ਜ਼ਮ੍ਹਾਂ ਕਰਾਇਆ ਪੈਸਾ ਜਾਂ ਵਧਾਏ ਜਾਂਦੇ ਕਿਰਾਏ ਬਾਰੇ ਝਗੜੇ ਦੇ ਸੁਆਨਾਂ ਨਾਲ ਸਰਕਾਰ ਦੀਆਂ ਦੋ ਕਿਰਾਇਆ ਬਰਾਂਚਾਂ ਨਜਿੱਠਣਗੀਆਂ। ਪਰ ਇਹ ਝਗੜੇ ਪੰਜ ਹਜ਼ਾਰ ਡਾਲਰ ਤੋਂ ਘੱਟ ਵਾਲੇ ਹੋਣੇ ਚਾਹੀਦੇ ਹਨ। ਇਹ ਗੱਲ ਚੰਗੀ ਹੈ ਕਿ ਉਹ ਕਿਰਾਏਦਾਰ ਜੋ ਵੈਨਕੂਵਰ ਜਾਂ ਵਿਕਟੋਰੀਆ ਤੋਂ ਬਾਹਰ ਰਹਿੰਦੇ ਹਨ, ਉਹ ਆਪਣਾ ਮਸਲਾ ਡਾਕ ਜਾਂ ਟੈਲੀਫੋਨ ਰਾਹੀਂ ਸਾਲਸ ਨੂੰ ਦੱਸ ਸਕਦੇ ਹਨ ਅਤੇ ਸ਼ਿਕਾਇਤ ਦਰਜ ਕਰਾ ਸਕਦੇ ਹਨ। ਇਸ ਨਾਲ ਤੁਰੰਤ ਸ਼ਿਕਾਇਤ ਹੋ ਸਕਦੀ ਹੈ ਅਤੇ ਨਾਲ ਹੀ ਉਹ ਹਊਆ ਜਾਂ ਡਰ ਦਾ ਮਾਹੌਲ ਨਹੀਂ ਜੋ ਸਮਾਲ ਕਲੇਮ ਕੋਰਟ ਵਿੱਚ ਹੁੰਦਾ ਹੈ। ਨਾਲ ਹੀ ਕਿਰਾਏਦਾਰ ਦਾ ਸਮਾਂ, ਖਰਚ ਬਚਦਾ ਹੈ ਅਤੇ ਨਾਲ ਹੀ ਕਿਰਾਏਦਾਰਂ ਤੇ ਮਾਲਕ ਮਕਾਨ ਵਿਚਕਾਰ ਨਫਰਤ, ਕਸ਼ਮਕਸ਼ ਅਤੇ ਟਕਰਾ ਦਾ ਮਾਹੌਲ ਘਟਦਾ ਹੈ। ਇਸ ਨਾਲ ਕਿਰਾਏ ਵਧਾਉਣ, ਕਿਰਾਏਦਾਰ ਨੂੰ ਕੱਢਣ ਅਤੇ ਜਮ੍ਹਾਂ ਕਰਾਏ ਪੈਸੇ ਤੇ ਕੀਤੇ ਜਾਂ ਹੋਏ ਨੁਕਸਾਨ ਨੂੰ ਚੰਗੇ ਮਾਹੌਲ ਵਿੱਚ ਸੁਲਹ ਸਫਾਈ ਨਾਲ ਹੱਲ ਕੀਤਾ ਜਾ ਸਕੇਗਾ।

ਇਸ ਬਿੱਲ ਰਾਹੀਂ ਹੋਟਲ ਅਤੇ ਕਮਰਿਆਂ ਦੇ ਕਿਰਾਏਦਾਰਾਂ ਨੂੰ ਭੀ ਹੱਕ ਮਿਲ ਰਹੇ ਹਨ। ਅੱਗੇ ਤਾਂ ਹੋਟਲਾਂ ਵਾਲੇ ਜਦੋਂ ਮਰਜ਼ੀ ਕੱਢ ਦਿੰਦੇ ਅਤੇ ਮਨਮਰਜ਼ੀ ਨਾਲ ਕਿਰਾਇਆ ਵਧਾ ਦਿੰਦੇ ਸਨ। ਇਸ ਤਹਿਤ ਹੋਟਲਾਂ ਆਦਿ ਦੇ ਉਹ ਕਿਰਾਏਦਾਰ ਸੁਰੱਖਿਅਤ ਹੋ ਸਕਦੇ ਹਨ, ਜੋ ਪੰਦਰਾਂ ਡਾਲਰ ਜਾਂ ਘੱਟ ਰੋਜ਼ ਦਾ ਕਿਰਾਇਆ ਦਿੰਦੇ ਹਨ। ਸੋ ਹੁਣ ਹੋਟਲਾਂ ਜਾਂ ਮਕਾਨਾਂ ਵਾਲੇ ਆਪਣੀ ਮਰਜ਼ੀ ਨਾਲ ਏਨੀ ਛੇਤੀ ਬਾਹਰ ਨਹੀਂ ਕੱਢ ਸਕਣਗੇ ਜਾਂ ਮਨਮਰਜ਼ੀ ਦਾ ਕਿਰਾਇਆ ਵਧਾਂ ਨਹੀਂ ਸਕਣਗੇ। ਪਰ ਇਸ ਬਿੱਲ ਵਿੱਚ ਕਿਰਾਏਦਾਰਾਂ ਨੂੰ ਆਪਣੇ ਪ੍ਰਾਹੁਣਿਆਂ ਨੂੰ ਰਾਤ ਲਈ ਰੱਖਣ ਦਾ ਹੱਕ ਨਹੀਂ ਦਿੱਤਾ ਜਾ ਰਿਹਾ। ਭਲਾ ਕਿਰਾਏਦਾਰ ਆਪਣੇ ਪ੍ਰਾਹੁਣਿਆਂ ਨੂੰ ਕਿੱਥੇ ਰੱਖੇ। ਇਹ ਅਜੇ ਬਹੁਤ ਵੱਡੀ ਘਾਟ ਹੈ ਅਤੇ ਇਹ ਘਾਟ ਦੂਰ ਹੋਣੀ ਜ਼ਰੂਰੀ ਹੈ।

ਨਾਲ ਹੀ ਸਭ ਤੋਂ ਵੱਡਾ ਮਸਲਾ ਤਾਂ ਲੋਕਾਂ ਦੀ ਪਹੁੰਚ ਅੰਦਰ ਵਾਲੇ ਮਕਾਨ ਜਾਂ ਅਪਾਰਅਮੈਂਟਾਂ ਦੀ ਲੋੜ ਹੈ, ਜਿਸ ਬਾਰੇ ਸ਼ਹਿਰੀ ਕੌਂਸਲਾਂ ਤੋਂ ਲੈ ਕੇ ਫੈਡਰਲ ਤੱਕ ਕੋਈ ਪ੍ਰਬੰਧਕ ਜਾਂ ਅਥਾਰਟੀ ਖਾਸ ਧਿਆਨ ਨਹੀਂ ਦੇ ਰਿਹਾ। ਜ਼ਮੀਨ ਦੇ ਧਨ ਖ੍ਰੀਦਦਾਰ ਧਨ ਤੇ ਮੁਨਾਫੇਖੋਰਾਂ ਨੂੰ ਹਰ ਸਹੂਲਤ ਦਿੱਤੀ ਜਾਂਦੀ ਹੈ। ਪਰ ਗਰੀਬ ਕਿਰਾਏਦਾਰ ਤੇ ਜੋ ਘੱਟ ਆਮਦਨ ਵਾਲੇ ਹਨ, ਜਿਹਨਾਂ ਦੀ ਕੋਈ 50% ਫੀਸਦੀ ਆਮਦਨ ਕਿਰਾਏ ਤੇ ਜਾਂਦੀ ਹੈ, ਉਸ ਬਾਰੇ ਕੋਈ ਨਹੀਂ ਸੋਚਦਾ। ਸੋ ਇਸ ਬਿੱਲ ਦੇ ਨਾਲ ਹੀ ਪਹੁੰਚ ਅੰਦਰ ਸਸਤੇ ਕਿਰਾਏ ਵਾਲੇ ਮਕਾਨ ਬਣਾਏ ਜਾਣ। ਇਸ ਦੀ ਜ਼ਿੰਮੇਵਾਰੀ ਸਰਕਾਰ ਲਵੇ। ਨਾਲ ਹੀ ਜਦੋਂ ਧਨੀਆਂ ਨੂੰ ਮਕਾਨਾਂ - ਅਪਾਰਟਮੈਂਟਾਂ ਲਈ ਜ਼ਮੀਨ ਵੇਚੀ ਜਾਂਦੀ ਹੈ ਤਾਂ ਉਹਨਾਂ ਉਪਰ ਸ਼ਰਤ ਹੋਵੇ ਕਿ ਕੁਝ ਖਾਸ ਫੀਸਦੀ ਮਕਾਨ - ਅਪਾਰਟਮੈਂਟ ਸਸਤੇ ਕਿਰਾਏ ਤੇ ਦਿੱਤੇ ਜਾਣਗੇ ਤੇ ਉਸ ਮੰਤਵ ਲਈ ਬਣਾਏ ਜਾਣ। ਨਾਲ ਹੀ ਬਿੱਲ ਵਿੱਚ ਕਿਰਾਇਆ ਰੀਵੀਊ ਦੀ ਮੱਧ ਵੀ ਚਾਹੀਦੀ ਹੈ ਤਾਂ ਕਿ ਮਾਲਕ ਆਪਣੀ ਮਰਜ਼ੀ ਨਾਲ ਹੀ ਜਦੋਂ ਚਾਹੇ ਕਿਰਾਇਆ ਨਾ ਵਧਾ ਸਕੇ। ਉਸ ਰੀਵੀਊ ਵਿੱਚ ਕਿਰਾਏਦਾਰਾਂ ਦੀ ਜਥੇਬੰਦੀ ਭੀ ਸ਼ਾਮਲ ਹੋਵੇ। ਇਹ ਬਿੱਲ ਠੀਕ ਸੇਧ ਵਿੱਚ ਹੈ ਪਰ ਉਪਰ ਦੀਆਂ ਕੁਝ ਗੱਲਾਂ ਵੀ ਸ਼ਾਮਲ ਹੋਣੀਆਂ ਹਨ।

The
lokta
P.O.Box 67534 STN.'O'
VANCOUVER, B.C. V5W 3T9

# ਚੀਨ ਦੀਆਂ ਘਟਨਾਵਾਂ:—

## (ਟਿਆਨਾਮਨ ਸਕੁਏਅਰ ਅਤੇ ਹੋਰ ਸ਼ਹਿਰ

ਚੀਨ ਵਿੱਚ ਟਿਆਨਾਮਨ ਸਕੁਏਅਰ, ਪੀਕਿੰਗ ਅਤੇ ਹੋਰ ਸ਼ਹਿਰਾਂ ਵਿੱਚ ਹੋਈਆਂ ਘਟਨਾਵਾਂ ਅਤੇ ਉਹਨਾਂ ਵਿੱਚ ਪੀਪਲਜ਼ ਲਿਬਰੇਸ਼ਨ ਆਰਮੀ, ਵਿਦਿਆਰਥੀ ਤੇ ਹੋਰਾਂ ਦੀਆਂ ਦੁਖਦਾਈ ਮੌਤਾਂ ਤੇ ਹਰ ਵਿਅਕਤੀ ਦੁਖੀ ਹੈ। ਪਰ ਘਟਲਾਵਾਂ ਵਿੱਚ ਆਰਮੀ ਤੇ ਲੋਕ ਸਰਕਾਰੀ ਜਾਇਦਾਦ ਜਿਵੇਂ ਫੌਜੀ ਟਰੱਕਾਂ, ਗੱਡੀਆਂ ਤੇ ਰੇਲ ਗੱਡੀਆਂ ਨੂੰ ਅਖੌਤੀ ਜਮਹੂਰੀ ਲਹਿਰ ਦੇ ਮੋਢੀਆਂ ਨੇ ਅੱਗਾਂ ਲੁਆਈਆਂ ਤੇ ਕਈ ਫੌਜੀਆਂ ਦੇ ਘਰ ਦਿਆਂ ਨੂੰ ਆਪੇ ਹੀ ਫਾਹੇ ਲਾਇਆ ਜਾਂ ਕਤਲ ਕੀਤੇ। ਸ਼ਹਿਰਾਂ ਵਿੱਚ ਗੜਬੜ ਮਚਾਉਣ ਦੀ ਕੋਸ਼ਿਸ਼ ਕੀਤੀ। ਪੱਛਮੀ ਪ੍ਰਸਾਰ ਸਾਧਨ ਨੇ ਤਾਂ ਰੌਂਗਟੇ ਖੜ੍ਹੇ ਕਰਨ ਵਾਲੀਆਂ ਸੁਰਖੀਆਂ ਲਾਈਆਂ। ਲੋਕਾਂ ਨੂੰ ਭੜਕਾਇਆ ਤੇ ਖਾਸ ਕਰ ਅਮਰੀਕੀ ਰੇਡੀਓ ਵੁਆਇਸ ਔਫ ਅਮਰੀਕਾ ਨੇ ਤਾਂ ਖਬਰਾਂ ਮਰੋੜ ਤਰੋੜ ਕੇ ਪੇਸ਼ ਕਰਨ ਵਿੱਚ ਬਾਜੀ ਲਈ। ਇਸ ਨੇ ਗਲਤ ਢੰਗ ਨਾਲ ਪੇਸ਼ ਕਰਕੇ ਸਿਰਫ ਚੀਨ ਤੋਂ ਬਾਹਰ ਹੀ ਨਹੀਂ ਬਲਕਿ ਚੀਨ ਵਿੱਚ ਵਿਦਿਆਰਥੀਆਂ ਤੇ ਲੋਕਾਂ ਨੂੰ ਭੜਕਾਉਣ ਅਤੇ ਕੁਰਾਹੇ ਪਾਉਣ ਦਾ ਪੂਰਾ ਯਤਨ ਕੀਤਾ। ਇਸ ਹੀ ਤਰ੍ਹਾਂ ਬੀ. ਬੀ. ਸੀ. ਤੇ ਹੋਰ ਸਰਮਾਏਦਾਰ ਪ੍ਰਸਾਰ ਸਾਧਨ ਨੇ ਭੀ ਚੀਨ ਵਿੱਚ ਸਿਵਲ ਵਾਰ (ਖਾਨਾ ਜੰਗੀ) ਕਰਾਉਣ ਦਾ ਪੂਰਾ ਯਤਨ ਕੀਤਾ।

ਭਲਾ ਇਹਨਾਂ ਨੂੰ ਕਿਉਂ ਇਹਨਾਂ ਨੂੰ ਐਨਾ ਹੇਜ ਜਾਗਿਆ। ਕਾਰਨ ਇਹ ਸੀ ਕਿ ਸਾਮਰਾਜੀਆਂ ਦੀਆਂ ਚੀਨ ਵਿੱਚ ਸਮਾਜਵਾਦ ਨੂੰ ਤਬਾਹ ਕਰਨ ਦੀਆਂ ਸਾਜ਼ਿਸ਼ਾਂ ਅਸਫਲ ਹੋ ਗਈਆਂ। ਇਹ ਲੋਕ ਜਮਹੂਰੀਅਤ ਲਈ ਨਹੀਂ ਬਲਕਿ ਸਰਮਾਏਦਾਰੀ ਪ੍ਰਬੰਧ ਨੂੰ ਬਹਾਲ ਕਰਨ ਦੀਆ ਸਾਜ਼ਿਸ਼ਾਂ ਘੜਨ ਵਿੱਚ ਲਗੇ ਹੋਏ ਸਨ। ਪਿਛਲੇ ਕਈ ਸਾਲਾਂ ਦੀ ਖੁਲ੍ਹ ਅਤੇ ਚੀਨ ਵਿੱਚ ਕੀਤੇ ਜਾ ਰਹੇ ਸੁਧਾਰ ਅਤੇ ਹਾਲਾਤ ਅਨੁਸਾਰ ਨਵੀਆਂ ਨੀਤੀਆਂ ਲਾਗੂ ਕਰਨ ਤੋਂ ਅਯੋਗ ਲਾਭ ਪ੍ਰਾਪਤ ਕਰਕੇ ਉਲਟ ਇਨਕਲਾਬ ਕਰਾਉਣ ਦੇ ਯਤਨ ਵਿੱਚ ਸਨ। ਸਰਮਾਏਦਾਰੀ ਜਮਹੂਰੀਅਤ ਨੂੰ ਸਥਾਪਤ ਕਰਨ ਅਤੇ ਸਮਾਜਵਾਦੀ ਪ੍ਰਬੰਧ ਨੂੰ ਉਲਟਾਉਣ ਦੀਆਂ ਚਾਲਾਂ ਤੇ ਕਾਰਵਾਈਆਂ ਨੂੰ ਸਫਲ ਕਰਨ ਦੇ ਘਿਨਾਉਣੇ ਯਤਨ ਸਨ। ਅਮਰੀਕੀ ਦੂਤਖਾਨੇ ਵਿੱਚ ਸ਼ਰਨ ਲੈਣ ਵਾਲੇ ਫੈਂਗਲਿਜ਼ੀ ਵਿਦਿਆਰਥੀ ਲੀਡਰ ਵੈਂਗਡੇਂਗ ਤੇ ਚੀਨ ਦੀ ਪਾਰਟੀ ਦਾ ਸਕੱਤਰ (ਜੋ 1987 ਵਿੱਚ ਲਾਹ ਦਿੱਤਾ ਗਿਆ ਸੀ) ਹੂਬਾਓਬੈਂਗ ਤੇ ਵਿਦਿਆਰਥੀ ਨੇਤਾ ਫੈਂਗਲੀਅੰਗ ਆਦਿ ਤਾਂ ਸਾਫ ਹੀ ਆਖ ਰਹੇ ਸਨ - ਹਨ ਕਿ ਚੀਨ ਦੀ ਸਰਕਾਰ ਨੂੰ ਉਲਟਾਉਣਾ ਜ਼ਰੂਰੀ ਹੈ। ਹੁਣ ਉਸ ਅਖੌਤੀ ਜਮਹੂਰੀ ਲਹਿਰ ਦੇ ਪੱਛਮੀ ਯੂਰਪ ਤੇ ਉਤਰੀ ਅਮਰੀਕਾ ਵਿੱਚ ਭੱਜ ਕੇ ਆਏ ਹੋਏ ਨੇਤਾ ਖੁਲ੍ਹੇ ਆਮ ਸਮਾਜਵਾਦੀ ਪ੍ਰਬੰਧ ਨੂੰ ਉਲਟਾਉਣ ਲਈ ਉਲਟ ਇਨਕਲਾਬ ਦਾ ਸੱਦਾ ਦੇ ਰਹੇ ਹਨ। ਸੋ ਬਿੱਲੀ ਥੈਲੇ ਵਿੱਚੋਂ ਬਾਹਰ ਆ ਗਈ। ਉਹਨਾਂ ਕਾਰਵਾਈਆਂ ਦੇ ਦੌਰਾਨ ਭੀ ਵਿਦਿਆਰਥੀ ਲੀਡਰ ਅਮਰੀਕੀ ਲੋਕਾਂ ਜਾਂ ਕੁਝ ਪੱਛਮੀ ਵਿਅਕਤੀਆਂ ਤੋਂ ਸਲਾਹ ਲੈਂਦੇ ਸਨ ਕਿ ਹੁਣ ਉਹ ਕੀ ਕਰਨ ?

ਇਹ ਪੱਛਮੀ ਲੋਕ ਜੋ ਜਮਹੂਰੀਅਤ ਦੇ ਨਾਅਰੇ ਲਾਉਂਦੇ ਹਨ, ਇਹ ਬਰਦਾਸ਼ਤ ਨਹੀਂ ਕਰਦੇ ਕਿ ਇਹਨਾਂ ਦੇ ਮੁਕਾਬਲੇ ਤੇ ਦੂਜਾ ਪ੍ਰਬੰਧ ਹੋਵੇ। ਪਰ ਇਹਨਾਂ ਦੇ ਆਪਣੇ ਦੇਸ਼ਾਂ ਵਿੱਚ ਹੀ ਦੇਖ ਲਵੋ। ਅਮਰੀਕੀ ਰੇਗਨ ਨੇ ਹਵਾਈ ਜਹਾਜ਼ਾਂ ਦੇ ਕੰਟਰੋਲਰਾਂ ਦੀ ਯੂਨੀਅਨ ਹੀ ਤੋੜ ਦਿੱਤੀ ਸੀ ਤੇ ਜੇਲ੍ਹੀਂ ਬੰਦ ਕਰਨ ਦਾ ਡਰ ਦਿੱਤਾ ਸੀ। ਉਥੋਂ ਦੇ 23 ਮਿਲੀਅਨ ਕਾਲੇ ਲੋਕਾਂ ਦੇ ਮਨੁੱਖੀ ਹੱਕ ਕੁਚਲੇ ਹੋਏ ਹਨ। ਅਗਾਂਹ-ਵਧੂ ਲੋਕਾਂ ਦੀਆਂ ਲਿਸਟਾਂ ਬਣਾਈਆਂ ਹੋਈਆਂ ਹਨ। ਕਨੇਡਾ ਦੇ ਆਦੀ ਵਾਸੀਆਂ ਦੇ ਜ਼ਮੀਨੀ ਹੱਕਾਂ ਨੂੰ ਕੁਚਲਿਆ ਹੋਇਆ ਹੈ। ਟਰੂਡੋ ਦੀ ਸਰਕਾਰ ਦੇ ਸਮੇਂ ਜਦੋਂ ਕਿਊਬੇਕ ਦੀ ਛੋਟੀ ਜਿਹੀ ਲਹਿਰ ਨੇ ਕਿਊਬੇਕ ਨੂੰ ਜੁਦੇ ਕਰਨ ਦੀ ਧਮਕੀ ਦਿੱਤੀ (ਛੇਵੇਂ ਦਹਾਕੇ ਵਿੱਚ) ਤਾਂ ਇੱਕ ਦਮ ਨਾਜ਼ਕ ਹਾਲਾਤ ਆ ਕੇ ਜੰਗੀ ਕਾਨੂੰਨ ਦਾ ਐਲਾਨ ਕਰ ਦਿੱਤਾ ਅਤੇ ਕਿਊਬੇ—ਕ ਵਿੱਚ ਫੌਜ ਘੱਲ ਦਿੱਤੀ। ਅਤੇ ਜਾਸੂਸੀ ਪੁਲਿਸ ਨੇ ਕੇਸ ਬਣਾਉਣ ਲਈ ਬਾਰੂਦੀ ਧਮਾਕੇ ਕੀਤੇ। ਇੰਗਲੈਂਡ ਦੀ ਟੋਰੀ ਸਰਕਾਰ ਉਤਰੀ ਆਇਰਲੈਂਡ ਦੇ ਪ੍ਰੋਟੈਸਟੈਂਟ ਲੋਕਾਂ ਨੂੰ ਪੂਰੇ ਹੱਕ ਦੇਣ ਦੀ ਥਾਂ ਉਹਨਾਂ ਨੂੰ ਧਰਮ ਦੇ ਨਾਮ ਤੇ ਲੜਾ ਰਹੀ ਹੈ ਅਤੇ ਫੌਜ ਭੇਜੀ ਹੋਈ ਹੈ। ਸਤਵੇਂ (ਛੇਵੇਂ) ਦਹਾਕੇ ਵਿੱਚ ਜਦੋਂ ਫਰਾਂਸ ਵਿੱਚ ਵਿਦਿਆਰਥੀ ਲਹਿਰ ਨੇ ਲੱਖਾਂ ਦੀ ਗਿਣਤੀ ਵਿੱਚ ਜਲੂਸ ਕੱਢੇ ਤਾਂ ਜਨਲਰ ਡੀਗਾਲ ਲੇ ਫੌਜੀ ਜਰਨੈਲਾਂ ਦੀ ਮੀਟਿੰਗ ਕਰਕੇ ਉਹਨਾਂ ਨੂੰ ਕੁਚਲਣ ਦੀ ਵਿਉਂਤ ਬਣਾਈ ਅਤੇ ਟੈਂਕਾਂ ਤੇ ਬੰਬਾਰਾਂ ਦੀ ਸਕੀਮ ਬਣਾਈ। ਪਰ ਇਸ ਦੇ ਨਾਲ ਹੀ ਪੁਲਿਸ ਤੇ ਫੌਜ ਦੀ ਮੱਦਦ ਨਾਲ ਉਹ ਦਬਾ ਦਿੱਤੀ ਗਈ। ਸਤਵੇਂ ਵਿੱਚ ਹੀ ਜਦੋਂ ਅਮਰੀਕਾ ਵਿੱਚ ਯੂਨੀਵਰਸਿਟੀਆਂ ਦੇ ਅਹਾਤਿਆਂ ਦੇ ਬਾਹਰ ਵਿਦਿਆਰਥੀ ਆਪਣੇ ਹੱਕਾਂ ਤੇ ਵੀਤਨਾਮ ਦੀ ਜੰਗ ਵਿਰੁੱਧ ਉਠੇ ਤਾਂ ਉਹਨਾਂ ਨੂੰ ਜਬਰ ਨਾਲ ਦਬਾ ਦਿੱਤਾ ਅਤੇ ਉਹਨਾਂ ਦੀਆਂ ਬਲੈਕ ਲਿਸਟਾਂ ਬਣਾਈਆਂ।

ਸੋ ਇਹ ਸਾਰਾ ਰੌਲਾ ਚੀਨ ਵਿੱਚ ਸਰਮਾਏਦਾਰੀ ਬਹਾਲ ਕਰਨ ਲਈ ਹੈ ਅਤੇ ਘਟਨਾਵਾਂ ਨੂੰ ਮਰੋੜ ਤਰੋੜ ਅਤੇ ਆਪ ਹੀ ਘੜ ਕੇ ਪੇਸ਼ ਕੀਤਾ ਜਾ ਰਿਹਾ ਹੈ ਕਿਸੇ ਨੇ ਭੀ ਅੱਖੀਂ ਟਿਆਨਾਮਨ ਸਕੁਏਅਰ ਵਿੱਚ ਟੈਂਕਾਂ ਤੋਪਾਂ ਦੇ ਗੋਲੇ ਚਲਦੇ ਨਹੀਂ ਦੇਖੇ, ਟੈਂਕ ਜ਼ਰੂਰ ਦੇਖੇ ਹਨ। ਸਗੋਂ ਟੈਂਕਾਂ ਨੂੰ ਇੱਕ ਵਿਦਿਆਰਥੀ ਰੋਕਦਾ ਜ਼ਰੂਰ ਵਿਖਾਇਆ ਹੈ। ਕੀ ਉਹ ਟੈਂਕ ਇੱਕ ਨੂੰ ਨਹੀਂ ਮਾਰ ਸਕਦਾ ਸੀ ? ਗੋਲੀਆਂ ਹਵਾ ਵਿੱਚ ਭੀ ਚਲੀਆਂ ਅਤੇ ਜਦੋਂ ਟੈਂਕਾਂ, ਗੱਡੀਆਂ ਤੇ ਫੌਜੀ ਟਰੱਕਾਂ ਨੂੰ ਜਾਲਣ ਅਤੇ ਫੌਜੀਆਂ ਨੂੰ ਮਾਰਨ ਦੇ ਰਤਨ ਹੋਣ ਤਾਂ ਫਿਰ ਗੋਲੀ ਤਾਂ ਚਲੇਗੀ ਹੀ


ਲੇਕ ਵੀਊ ਰੀਅਲਿਟੀ ਦੇ ਭਰੋਸੇਯੋਗ ਰੀਅਲ ਇਸਟੇਟ

ਕੇ. ਐਸ.(ਕਾਲ) ਬਾਸੀ

L/R

LAKEVIEW REALTY LTD.
7909 Scott Road,
Delta, B.C. V4C 6P6



ਤੁਹਾਡੀ ਹਰ ਪ੍ਰਕਾਰ ਦੀ ਜਾਇਦਾਦ, ਘਰ ਆਦਿ ਖਰੀਦਣ ਵੇਚਣ ਵਿਚ ਸਹਾਇਤਾ ਕਰ ਸਕਦੇ ਹਨ

Bus:
ਫ਼ੋਨ : 590-3231

K.S. (KAL) BASSI

ਲੰਡਨ ਦੇ ਫਾਈਨੈਂਨਸ਼ਨ ਟਾਈਮਜ਼ ਦੇ ਉਥੇ ਹਾਜ਼ਰ ਰਿਪੋਰਟਰ ਰੋਬਰਟ ਥੋਮਸਨ ਨੇ ਲਿਖਿਆ ਹੈ, "ਜਦੋਂ ਟਿਆਨਾਮਨ ਸਕੁਏਅਰ ਵਿੱਚ ਵਿਦਿਆਰਥੀਆਂ ਨੂੰ ਟੈਂਕਾਂ ਜਾਂ ਆ ਰਹੇ ਟਰੱਕਾਂ ਨਾਲ ਪਰ੍ਹੇ ਹਟਾਉਣ ਦਾ ਯਤਨ ਹੋ ਰਿਹਾ ਸੀ ਤਾਂ ਮੈਂ ਉਥੇ ਹਾਜ਼ਰ ਸੀ। ਉਥੇ ਡਰਾਉਣ ਲਈ ਹਵਾ ਵਿੱਚ ਗੋਲੀਆਂ ਚਲਾਈਆਂ। ਉਥੇ ਬਹੁਤ ਥੋੜੇ ਵਿਅਕਤੀਆਂ ਦੀ ਮੌਤ ਹੋਈ)।

ਉਥੇ ਸੁਧਾਰ ਕਰਦੇ ਹੋਏ ਅਤੇ ਖੱਬੀ ਰੁਚੀ ਨੂੰ ਸਹੀ ਕਰਦੇ ਕਰਦੇ ਸਗੋਂ ਹੋਰ ਢਿੱਲ ਕਮਜ਼ੋਰੀ ਅਤੇ ਖੁਲ੍ਹ ਆਈ, ਜਿਸ ਦਾ ਸੱਜੇ ਪੱਖੀ ਰੁਝਾਣ ਤੇ ਸਾਮਰਾਜ ਜਾਸੂਸਾਂ ਨੇ ਪੂਰਾ ਲਾਭ ਉਠਾਇਆ। ਨਾਲ ਹੀ ਸੋਵੀਅਤ ਦੇ ਸਾਥੀ ਗੁਰਬਾਚੋਵ ਨਾਲ ਸਿਖਰ ਸੰਮੇਲਨ ਨੂੰ ਫੇਲ੍ਹ ਕਰਨ ਦਾ ਵੀ ਯਤਨ ਸੀ। ਸਗੋਂ ਫੌਜ ਨੇ ਤਾਂ ਬੜੇ ਸਬਰ ਅਤੇ ਸੰਕੋਚ ਤੋਂ ਕੰਮ ਲਿਆ। ਕੀ ਉਲਟ ਇਨਕਲਾਬਨੂੰ ਸਫਲ ਹੋਣ ਦਿੱਤਾ ਜਾਂਦਾ ? ਬਿਲਕੁੱਲ ਨਹੀਂ। ਇਹ ਤਾਂ ਸਮਾਜਵਾਦੀ ਪ੍ਰਬੰਧ ਨੂੰ ਚੈਲੰਜ ਸੀ। ਅਸੀਂ ਚੀਨ ਦੇ ਐਕਸ਼ਨ ਨੂੰ ਦਰੁਸਤ ਸਮਝਦੇ ਹਾਂ ਕਿ ਉਸ ਨੇ ਵੁਲਟ ਇਨਕਲਾਬ ਦੀ ਸਾਜ਼ਿਸ਼ ਸਫਲ ਕੀਤੀ। ਸਗੋਂ ਇਸ ਘਟਨਾ ਤੋਂ ਸਮਾਜਵਾਦੀ ਸਟੇਟਾ ਤੇ ਲੋਕਾਂ ਨੂੰ ਬੜਾ ਗੰਭੀਰ ਸਬਕ ਗ੍ਰਹਿਣ ਕਰਨਾ ਚਾਹੀਦਾ ਹੈ।

# ਸਾਥੀ ਅਮਰਜੀਤ ਸੂਫੀ ਹੋਰਾਂ ਨੂੰ ਭਾਰੀ ਸਦਮਾ

ਅਸੀਂ ਬੜੇ ਦੁੱਖ ਭਰੇ ਹਿਰਦੇ ਨਾਲ ਖਬਰ ਛਾਪ ਰਹੇ ਹਾਂ ਕਿ ਸਾਥੀ ਅਮਰਜੀਤ ਸੂਫੀ ਹੋਰਾਂ ਦੇ ਪਿਤਾ ਜੀ ਸ੍ਰ. ਹਰਚਰਨ ਸਿੰਘ ਉਪਲ ਹੋਰਾਂ ਦਾ 14 ਜੁਲਾਈ, 1989 ਨੂੰ ਲੁਧਿਆਣਾ ਹਸਪਤਾਲ ਵਿੱਚ ਦਿਹਾਂਤ ਹੋ ਗਿਆ। ਆਪ ਦਾ ਜਨਮ 13 ਜੁਲਾਈ. 1911 ਨੂੰ ਹੋਇਆ ਸੀ। ਸ੍ਰ. ਹਰਚਰਨ ਸਿੰਘ ਉਪਲ ਹੋਰੀਂ ਦੇਸ਼ ਭਗਤ ਸਨ ਅਤੇ ਕੌਮੀ ਆਜ਼ਾਦੀ ਦੇ ਘੋਲ ਵਿੱਚ ਪੂਰਾ ਹਿਸਾ ਪਾਇਆ। ਆਪ ਪਹਿਲਾਂ ਕਾਂਗਰਸ ਪਾਰਟੀ ਦੇ ਉਘੇ ਸਰਗਰਮ ਵਰਕਰ ਸਨ। ਉਹਨਾਂ ਦੇ ਦਿਲੋ ਦਿਮਾਗ ਵਿੱਚ ਦੇਸ਼ ਦੀ ਆਜ਼ਾਦੀ, ਅਖੰਡਤਾ ਤੇ ਭਰਾਤਰੀ ਭਾਵ ਛਾਏ ਹੋਏ ਸਨ। ਉਹ ਸੱਚੇ ਸੁੱਚੇ ਦੇਸ਼ ਭਗਤ ਸਨ ਅਤੇ ਲੋਕ ਹਿਤੂ ਸਨ।

ਇਸ ਹੀ ਕਰਕੇ ਉਹ ਅੱਜ ਦੀ ਕਾਂਗਰਸ ਤੇ ਉਸ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ ਸਨ। ਉਹ ਸਮਝਦੇ ਸਨ ਕਿ ਅੱਜ ਦੀ ਕਾਂਗਰਸ ਦੀ ਮੌਕਾਪ੍ਰਸਤ ਤੇ ਲੋਕ ਵਿਰੋਧੀ ਨੀਤੀਆਂ ਹਨ ਅਤੇ ਉਹ ਇਸ ਕਰਕੇ ਇਸ ਤੋਂ ਬਹੁਤ ਦੁਖੀ ਸਨ। ਨਾਲ ਹੀ ਉਹ ਫਿਰਕਾਪ੍ਰਸਤੀ ਅਤੇ ਮੂਲਵਾਦੀ ਵੰਡਵਾਦੀਆਂ ਦੇ ਭੀ ਵਿਰੋਧੀ ਸਨ।

ਆਪ ਬੱਸੀਆਂ (ਲੁਧਿਆਣਾ) ਦੇ ਰਹਿਣ ਵਾਲੇ ਅਤੇ ਉਸ ਸਮੇਂ ਦੀ ਮੈਟ੍ਰਿਕ ਸਨ।

ਆਪ ਤਿੰਨ ਵਾਰ ਕਨੇਡਾ ਆ ਚੁੱਕੇ ਸਨ ਅਤੇ ਥੋੜ੍ਹੀ ਦੇਰ ਪਹਿਲਾਂ ਭਾਰਤ ਪਰਤੇ ਸਨ। ਹੁਣ ਇੱਕ ਦਮ ਬਿਮਾਰੀ ਦੇ ਕਾਰਨ ਹਸਪਤਾਲ ਦਾਖਲ ਸਨ ਅਤੇ ਸਾਥੀ ਸੂਫੀ ਤੁਰਤ ਭਾਰਤ ਪਹੁੰਚੇ। ਉਹਨਾਂ ਨੇ ਆਪਣੇ ਪਿਤਾ ਜੀ ਨਾਲ ਮੁਲਾਕਾਤ ਕੀਤੀ ਅਤੇ ਪੂਰੀ ਨੱਠ ਭੱਜ ਕੀਤੀ ਪਰ ਨਿਰਦੱਈ ਮੌਤ ਤੋਂ ਬਚਾ ਨਾ ਸਕੇ।

ਅਸੀਂ ਸਾਰੇ ਸਾਥੀ ਪਾਰਟੀ ਐਸੋਸੀਏਸ਼ਨ, ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਲੋਕਤਾ ਅਦਾਰਾ ਅਤੇ ਲੋਕ ਕਲਾ ਕੇਂਦਰ ਸਾਥੀ ਸੂਫੀ ਸ੍ਰੀਮਤੀ ਸਰਬਜੀਤ ਅਤੇ ਮਾਤਾ ਜੀ ਮਾਨ ਕੌਰ ਤੇ ਉਹਨਾਂ ਦੇ ਪਰਿਵਾਰ ਦੇ ਸ਼ੋਕ ਵਿੱਚ ਸ਼ਾਮਲ ਹੁੰਦੇ ਹਾਂ ਅਤੇ ਦੁੱਖ ਵੰਡਾਉਂਦੇ ਹਾਂ।


**Star Drywall Construction Co. Ltd.**

P.O.BOX 639
SURREY, B.C. V3T 5L9

- Complete Drywall Service
- Guaranteed Work
- Free Estimates

Sahib or Nake
Ph. (604) 589-4830



**ROYAL FURNITURE LTD.**
2607 MAIN STREET (at 10th. AVE.) VANCOUVER, B.C
TEL. 874-9525

ROYAL FURNITURE

ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਬ ਕੀਮਤਾਂ

ਆਉ ਤੇ ਅਜ਼ਮਾ ਕੇ ਦੇਖੋ



PAUL TOOR

- ਲਿਵਿੰਗ ਰੂਮ
- ਡਾਇਨਿੰਗ ਰੂਮ
- ਬੈਡ ਰੂਮ ਅਤੇ

ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

ਰੋਇਲ ਫਰਨੀਚਰ ਲਿਮ:

# ਪੰਜਾਬ ਬਲਦਾ ਰਹੇਗਾ ਇਵੇਂ ਹੀ ?

—ਸੁਹੇਲ ਸਿੰਘ

## ਦਿੱਲੀ ਦੇ ਹਾਕਮਾਂ ਨੂੰ ਲੋਕ ਪੁਛਦੇ

ਅਜ ਦੇ ਅਖਬਾਰਾਂ ਵਿਚ ਕਲਕਤੇ ਤੋਂ ਛਪੇ ਕੇਂਦਰੀ ਗ੍ਰਿਹ ਰਾਜ ਮੰਤਰੀ ਦੇ ਸ੍ਰੀ ਚਿੰਦਬਰਮ ਦੇ ਇਸ ਬਿਆਨ ਤੋਂ-ਕਿ ਅੱਤਵਾਦ 'ਤੇ ਕਾਬੂ ਪਾਏ ਬਿਨਾਂ ਪੰਜਾਬ ਮਸਲੇ ਦਾ ਸਿਆਸੀ ਹੱਲ ਸੰਭਵ ਨਹੀਂ— ਇਸ ਗੱਲ ਦੀ ਹੀ ਹੋਰ ਹੋਰ ਪੁਸ਼ਟੀ ਹੁੰਦੀ ਹੈ ਕਿ ਕੇਂਦਰੀ ਸਰਕਾਰ ਪੰਜਾਬ ਬਾਰੇ ਆਪਣੀ ਦੀਵਾਲੀਆ ਨੀਤੀ ਨੂੰ ਜਾਰੀ ਰਖ ਰਹੀ ਹੈ।

ਚਿੰਦਬਰਮ ਦਾ ਬਿਆਨ ਤਾਂ ਇਹ ਵੀ ਸੰਕੇਤ ਦਿੰਦਾ ਹੈ ਕਿ ਕੇਂਦਰੀ ਸਰਕਾਰ ਪੰਜਾਬ ਮਸਲੇ ਦੇ ਛੇਤੀ ਸੁਲਝਣ ਦੀ ਆਸ ਨਹੀਂ ਕਰਦੀ।

ਕਲਕਤੇ ਵਿਚ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਕੇਂਦਰੀ ਗ੍ਰਿਹ ਰਾਜ ਮੰਤਰੀ ਨੇ ਪੰਜਾਬ ਮਸਲੇ ਦਾ ਵਰਨਣ ਕਰਦਿਆਂ ਆਖਿਆ ਕਿ ਭਾਵੇਂ ਕੇਂਦਰ ਇਹ ਮਸਲਾ ਛੇਤੀ ਤੋਂ ਛੇਤੀ ਹੱਲ ਕਰਨ ਲਈ ਵਚਨ-ਬੱਧ ਹੈ ਪਰ ਇਸ ਸਿਲਸਲੇ ਵਿਚ ਥੋਹੜੇ ਸਮੇਂ ਵਾਲਾ ਕੋਈ ਸਮਝੌਤਾ ਏਡੀ ਵੱਡੀ ਸਮਸਿਆ ਦਾ ਠੀਕ ਹੱਲ ਨਹੀਂ ਹੋਵੇਗਾ। ਸ੍ਰੀ ਚਿੰਦਬਰਮ ਨੇ ਇਸ ਗੱਲ 'ਤੇ ਜ਼ੋਰ ਦਿਤਾ ਕਿ ਅੱਤਵਾਦ ਤੇ ਕਾਬੂ ਪਾ ਕੇ ਹੀ ਸਿਆਸੀ ਹੱਲ ਵੱਲ ਵਧਿਆ ਜਾ ਸਕਦਾ ਹੈ। ਉਹਨਾਂ ਇਹ ਵੀ ਆਖਿਆ ਕਿ ਸਮਸਿਆ ਦੇ ਹੱਲ ਲਈ ਭਾਰਤੀ ਸੰਵਿਧਾਨ ਦੇ ਢਾਂਚੇ ਅੰਦਰ ਅਸੀਂ ਕਿਸੇ ਨਾਲ ਵੀ ਗਲਬਾਤ ਕਰਨ ਲਈ ਤਿਆਰ ਹਾਂ।

ਕੇਂਦਰੀ ਗ੍ਰਿਹ ਰਾਜ ਮੰਤਰੀ ਦੇ ਉਪਰੋਕਤ ਬਿਆਨ ਤੋਂ ਇਸ ਗਲ ਦੀ ਵੀ ਹੋਰ ਹੋਰ ਪੁਸ਼ਟੀ ਹੁੰਦੀ ਹੈ ਕਿ ਪੰਜਾਬ ਦੇ ਮਸਲੇ ਨੂੰ ਅਮਨ ਕਾਨੂੰਨ ਦੇ ਮਸਲੇ ਵਜੋਂ ਹੀ ਲਿਆ ਜਾ ਰਿਹਾ ਹੈ ਅਤੇ ਇਸਦੇ ਸਿਆਸੀ ਨਬੇੜੇ ਲਈ ਕੋਈ ਵੀ ਯਤਨ ਨਹੀਂ ਕੀਤਾ ਜਾ ਰਿਹਾ।

ਪੰਜਾਬ ਮਸਲੇ ਦੇ ਸਿਆਸੀ ਹੱਲ ਦੇ ਰਾਹ ਵਿਚ ਕੀ ਅੜਿੱਕੇ ਹਨ ਇਹ ਗੱਲ ਵੀ ਕੇਂਦਰੀ ਸਰਕਾਰ ਅਪੋਜ਼ੀਸ਼ਨ ਪਾਰਟੀਆਂ ਨਾਲ ਸਾਂਝੀ ਕਰਨ ਲਈ ਤਿਆਰ ਨਹੀਂ।

ਪੰਜਾਬ ਮਸਲੇ ਦੇ ਸਬੰਧ ਵਿਚ ਕੇਂਦਰੀ ਸਰਕਾਰ ਨੇ ਪਿਛਲੇ ਦੋ ਸਾਲਾਂ ਵਿਚ ਕਈ ਪੁਜ਼ੀਸ਼ਨਾਂ ਬਦਲੀਆਂ ਹਨ।

ਭਾਵੇਂ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚਲੀ ਅਕਾਲੀ ਸਰਕਾਰ ਨੂੰ ਏਸ ਬਹਾਨੇ ਤਹਿਤ ਗੱਦੀ ਤੋਂ ਲਾਹਿਆ ਗਿਆ ਸੀ ਕਿ ਉਸਦੇ ਦਵਰੇ ਪਹਿਰੇ ਅਮਨ ਕਾਨੂੰਨ ਦੀ ਅਵਸਥਾ ਬਹੁਤ ਵਿਗੜ ਗਈ ਸੀ ਪਰ ਉਸ ਨੂੰ ਲਾਹੁਣ ਦਾ ਅਸਲ ਕਾਰਨ ਹਰਿਆਣੇ ਵਿਚ ਹੋ ਰਹੀਆਂ ਅਸੰ-ਬਲੀ ਚੋਣਾਂ ਵਿਚ ਸਿਆਸੀ ਲਾਭ ਖੱਟਣਾ ਸੀ। ਪਰ ਉਹ ਸਿਆਸੀ ਲਾਭ ਖੱਟ ਨਾ ਸਕੀ ਸਗੋਂ ਬੁਰੀ ਤਰਾਂ ਹੂੰਝੀ ਗਈ।

ਹਰਿਆਣੇ ਵਿਚ ਪੰਜਾਬ ਦਾ ਪੱਤਾ ਕਟਿਆ ਜਾਣ ਦੇ ਬਾਵਜੂਦ ਕੇਂਦਰ ਨੇ ਇਸ ਨੂੰ ਅਗੋਂ ਵਰਤਣ ਦੀ ਝਾਕ ਨਾ ਛੱਡੀ। ਏਸੇ ਕਰਕੇ ਹੀ ਪੰਜਾਬ ਮਸਲੇ ਦੇ ਸਿਆਸੀ ਹੱਲ ਨੂੰ ਟਾਲਿਆ ਜਾਂਦਾ ਰਿਹਾ ਅਤੇ ਏਸੇ ਗਲ ਉਤੇ ਹੀ ਲਗਾਤਾਰ ਜ਼ੋਰ ਦਿਤਾ ਜਾਂਦਾ ਰਿਹਾ ਕਿ ਪੰਜਾਬ ਦਾ ਮਸਲਾ ਮੁਖ ਰੂਪ ਵਿਚ ਅਮਨ-ਕਾਨੂੰਨ ਦਾ ਮਸਲਾ ਹੈ ਅਤੇ ਅੱਤਵਾਦ ਨੂੰ ਖਤਮ ਕਰਕੇ ਹੀ ਕਿਸੇ ਸਿਆਸੀ ਹੱਲ ਦੀ ਗਲ ਸੋਚੀ ਜਾਵੇਗੀ।

ਅਜੋਕੀ ਅਵਸਥਾ ਵਿਚ ਵੀ ਕੇਂਦਰੀ ਸਰਕਾਰ ਏਸੇ ਹੀ ਪੈਂਤੜੇ ਉੱਤੇ ਚਲ ਰਹੀ ਹੈ ਭਾਵੇਂ ਕਿ ਸਮੇਂ ਸਮੇਂ ਸਿਆਸੀ ਹੱਲ ਦੇ ਸੰਕੇਤ ਵੀ ਦਿੱਤੇ ਜਾਂਦੇ ਹਨ।

ਅੱਜ ਤੋਂ ਲਗਪਗ ਸਾਢੇ ਨੌ ਮਹੀਨੇ ਪਹਿਲਾਂ ਦੇਸ ਦੇ ਪਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਪੰਜਾਬ ਦਾ ਦੌਰਾ ਕੀਤਾ ਸੀ ਅਤੇ ਜਲੰਧਰ ਵਿਖੇ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਆਖਿਆ ਸੀ ਕਿ "ਪੰਜਾਬ ਦਾ ਮਸਲਾ ਅਮਨ ਕਾਨੂੰਨ ਦਾ ਮਸਲਾ ਹੋਣ ਦੇ ਨਾਲ ਨਾਲ ਇਕ ਸਿਆਸੀ ਮਸਲਾ ਵੀ ਹੈ। ਪੰਜਾਬ ਬਾਰੇ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਇਕ ਸਮਝੌਤਾ ਕੀਤਾ ਗਿਆ ਸੀ। ਸੰਤ ਲੌਂਗੋਵਾਲ ਨੂੰ ਅੱਤ-ਵਾਦੀਆਂ ਨੇ ਮਾਰ ਦਿੱਤਾ। ਉਹਨਾਂ ਤੋਂ ਪਿਛੋਂ ਅਕਾਲੀ ਦਲ ਵਿਚ ਉਸ ਕੱਦ ਦਾ ਕੋਈ ਆਗੂ ਨਾ ਰਿਹਾ ਜਿਹੜਾ ਕਿਸੇ ਗਲ ਤੇ ਖਲੋ ਸਕੇ। ਕੇਂਦਰੀ ਸਰਕਾਰ ਪੰਜਾਬ ਮਸਲੇ ਦੇ ਨਬੇੜੇ ਲਈ ਗੰਭੀਰ ਹੈ। ਮੈਂ ਦਿੱਲੀ ਜਾ ਕੇ ਸਭਨਾ ਹੀ ਅਪੋਜ਼ੀਸ਼ਨ

GM Canada

**WHEATON**

**PONTIAC BUICK GMC LTD.**

**Bus: 526-2781 Res: 524-4137**

**325—12th St., New Westminster, B.C.**



**Pager 687- 7711 #7610**



Kuldip S. Jhand

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

ਪਾਰਟੀਆਂ ਦੀ ਮੀਟਿੰਗ ਸਦਣ ਦਾ ਪ੍ਰਬੰਧ ਕਰਾਂਗੇ ਅਤੇ ਉਹਨਾਂ ਨਾਲ ਸਲਾਹ-ਮਸ਼ਵਰਾ ਕਰਕੇ ਕਿਸੇ ਸਿੱਟੇ ਉੱਤੇ ਪੁਜਣ ਦਾ ਯਤਨ ਕੀਤਾ ਜਾਵੇਗਾ ।''

ਪਰਧਾਨ ਮੰਤਰੀ ਦੇ 21 ਸਤੰਬਰ ਦੇ ਜਲੰਧਰ ਦੀ ਰੈਲੀ ਵਿਚ ਦਿਤੇ ਗਏ ਭਾਸ਼ਣ ਤੋਂ ਇੰਜ ਭਾਸਦਾ ਸੀ ਜਿਵੇਂ ਕਿਤੇ ਉਹ ਦੋ ਤਿੰਨ ਹਫਤਿਆਂ ਅੰਦਰ ਹੀ ਇਹ ਸਾਰਾ ਮਸਲਾ ਨਬੇੜ ਦੇਣਗੇ । ਪਰ ਦਿੱਲੀ ਪੁਜਕੇ ਪਹਿਲਾਂ ਤਾਂ ਪਰਧਾਨ ਮੰਤਰੀ ਨੇ ਦੋ ਮਹੀਨੇ ਚੁਪ ਹੀ ਧਾਰ ਰਖੀ ਅਤੇ ਫੇਰ ਪਿਛੋਂ ਪੰਜਾਬ ਮਸਲੇ ਦੇ ਨਬੇੜੇ ਲਈ ਇਕ ਵਜ਼ਾਰਤੀ ਕਮੇਟੀ ਬਣਾ ਦਿਤੀ। ਇਹ ਵਜ਼ਾਰਤੀ ਕਮੇਟੀ ਹੁਣ ਤਕ ਤਿੰਨ ਮੀਟਿੰਗਾਂ ਲਾ ਚੁਕੀ ਹੈ । ਇਸ ਨੇ ਆਖਰੀ ਮੀਟਿੰਗ ਚੰਡੀਗੜ੍ਹ ਵਿਖੇ ਕੀਤੀ ਸੀ ਜਿਸ ਵਿਚ ਇਸ ਨੇ ਕੁਝ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਵਿਚਾਰ ਸੁਣੇ ਸਨ ।

ਪੰਜਾਬ ਬਾਰੇ ਬਣੀ ਇਸ ਵਜ਼ਾਰਤੀ ਕਮੇਟੀ ਨੇ ਅਗੋਂ ਕੀ ਕਰਨਾ ਹੈ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਕ ਗਲ ਸਪਸ਼ਟ ਹੈ ਕਿ ਇਹ ਕਮੇਟੀ ਸਮਾਂ ਟਪਾਉਣ ਲਈ ਹੀ ਬਣਾਈ ਗਈ ਸੀ ।

ਸੁਆਲ ਪੈਦਾ ਹੁੰਦਾ ਹੈ ਕਿ ਜਦੋਂ ਕੇਂਦਰੀ ਸਰਕਾਰ ਨੇ ਪੰਜਾਬ ਬਾਰੇ ਇਕ ਸਮਝੌਤਾ ਕੀਤਾ ਹੋਇਆ ਹੈ ਅਤੇ ਉਸ ਸਮਝੌਤੇ ਉਤੇ ਪਰਧਾਨ ਮੰਤਰੀ ਦੇ ਦਸਖਤ ਹਨ ਤਾਂ ਫੇਰ ਉਸ ਦੇ ਆਧਾਰ ਉਤੇ ਅਗੋਂ ਕਦਮ ਕਿਉਂ ਨਹੀਂ ਪੁਟੇ ਜਾਂਦੇ । ਪੰਜਾਬ ਬਾਰੇ ਨਵੇਂ ਸਿਰੇ ਤੋਂ ਵਜ਼ਾਰਤੀ ਸਬ ਕਮੇਟੀ ਸਥਾਪਤ ਕਰਨ ਦਾ ਮੰਤਵ ਸੀ ਫੇਰ ਮੁਢੋਂ-ਸੁਢੋਂ ਗੱਲ ਆਰੰਭ ਕਰਨੀ, ਅਥਵਾ ਮਾਮਲੇ ਨੂੰ ਲਮਕਾਉਣਾ ਅਤੇ ਉਲਝਾਉਣਾ ।

ਜਦੋਂ ਪਰਧਾਨ ਮੰਤਰੀ ਨੇ ਪੰਜਾਬ ਦੇ ਸਬੰਧ ਵਿਚ ਇਹ ਕਹਿਣਾ ਸ਼ੁਰੂ ਕੀਤਾ ਸੀ ਕਿ ਕੇਂਦਰੀ ਸਰਕਾਰ ਗਲਬਾਤ ਕਿਸ ਨਾਲ ਕਰੇ ਕਿਉਂ ਜੁ ਅਕਾਲੀ ਦਲ ਹੀ ਕਈ ਧੜਿਆਂ ਵਿਚ ਵੰਡਿਆ ਹੋਇਆ ਹੈ ਅਤੇ ਕੋਈ ਵੀ ਧੜਾ ਅੱਤਵਾਦੀ ਤੱਤਾਂ ਨਾਲੋਂ ਸਪਸ਼ਟ ਨਖੇੜਾ ਨਹੀਂ ਕਰਦਾ ਤਾਂ ਉਸ ਸਮੇਂ ਖੱਬੀਆਂ ਪਾਰਟੀਆਂ ਦੇ ਆਗੂਆਂ ਨੇ ਇਹ ਮੰਗ ਉਚੀ ਕੀਤੀ ਸੀ ਕਿ ਪ੍ਰਧਾਨ ਮੰਤਰੀ ਪੰਜਾਬ ਮਸਲੇ ਦੇ ਸਬੰਧ ਵਿਚ ਅਪੋਜੀਸ਼ਨ ਪਾਰਟੀਆਂ ਦੀ ਮੀਟਿੰਗ ਬੁਲਾਉਣ ਅਤੇ ਉਸ ਵਿਚ ਸਾਰੀ ਗਲ ਰਖਣ । ਪਰ ਪਰਧਾਨ ਮੰਤਰੀ ਨੇ ਖੱਬੀਆਂ ਪਾਰਟੀਆਂ ਦੇ ਆਗੂਆਂ ਦੇ ਉਸ ਸੁਝਾਓ ਵਲ ਵੀ ਕੋਈ ਕੰਨ ਨਾ ਕੀਤਾ।

ਜਦੋਂ ਇਕ ਪਾਸੇ ਵਜ਼ਾਰਤੀ ਸਬ ਕਮੇਟੀ ਦੀ ਚੰਡੀਗੜ੍ਹ ਵਿਚ ਸਿਆਸੀ ਪਾਰਟੀਆਂ ਨਾਲ ਮੀਟਿੰਗ ਤਹਿ ਹੋ ਚੁਕੀ ਸੀ ਅਤੇ ਉਸ ਲਈ ਸਰਗਰਮੀਆਂ ਹੋ ਰਹੀਆਂ ਸਨ ਤਾਂ ਉਹ ਮੀਟਿੰਗ ਹੋਣ ਤੋਂ ਪਹਿਲਾਂ ਹੀ ਪੰਜਾਬ ਦੇ ਗਵਰਨਰ ਸ੍ਰੀ ਸਿਧਾਰਥ ਸ਼ੰਕਰ ਰੇਅ ਨੇ ਨਵੀਂ ਦਿੱਲੀ ਦੀ ਪ੍ਰੈਸ ਕਲੱਬ ਵਿਖੇ ਇਹ ਪਸ਼ੀਨਗੋਈ ਕਰ ਦਿਤੀ ਸੀ ਕਿ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਪੰਜਾਬ ਮਸਲੇ ਦਾ ਕੋਈ ਹੱਲ ਵਖਾਈ ਨਹੀਂ ਦੇਂਦਾ।

ਉਪਰੋਕਤ ਬਿਆਨ ਕੀਤੇ ਗਏ ਸਭਨਾਂ ਹੀ ਤੱਥਾਂ ਤੋਂ ਇਸ ਗਲ ਦੀ ਹੋਰ ਹੋਰ ਪੁਸ਼ਟੀ ਹੁੰਦੀ ਹੈ ਕਿ ਕੇਂਦਰੀ ਸਰਕਾਰ ਪੰਜਾਬ ਮਸਲੇ ਦੇ ਨਬੇੜੇ ਲਈ ਕਿਸੇ ਵੀ ਤਰਾਂ ਗੰਭੀਰ ਨਹੀਂ ਸਗੋਂ ਇਹ ਇਸ ਸਬੰਧ ਵਿਚ ਆਪਣੀਆਂ ਪੁਜੀਸ਼ਨਾਂ ਬਦਲਦੀ ਹੀ ਚਲੀ ਗਈ ਹੈ। ਇਸ ਦੀ ਇਸ ਤਰਾਂ ਦੀ ਪਾਲਸੀ ਨੂੰ ਦੀਵਾਲੀਆ ਪਾਲਸੀ ਤਾਂ ਕਹਿਣਾ ਹੀ ਬਣਦਾ ਹੈ ਪਰ ਇਹ ਦੀਵਾਲੀਆ ਨੀਤੀ ਕਿਸੇ ਨਿਸ਼ਾਨੇ ਦੀ ਪੂਰਤੀ ਲਈ ਹੀ ਚਲਾਈ ਜਾ ਰਹੀ ਹੈ—ਅਤੇ ਇਹ ਨਿਸ਼ਾਨਾ ਹੈ ਪੰਜਾਬ ਦੀ ਹਾਲਤ ਨੂੰ ਜਿਉਂ ਦਾ ਤਿਉਂ ਰਖਕੇ ਲੋਕ ਸਭਾ ਚੋਣਾਂ ਵਿਚ ਜਿੱਤ ਹਾਸਲ ਕਰਨ ਲਈ ਵਰਤਣਾ ।

ਜੇ ਪੰਜਾਬ ਮਸਲੇ ਦੇ ਲੋਕ ਸਭਾ ਦੀਆਂ ਚੋਣਾਂ ਪਿਛੋਂ ਹੱਲ ਲਈ ਹੀ ਕੋਈ ਯਤਨ ਕਰਨ ਦੀ ਨੀਤੀ ਪਹਿਲਾਂ ਹੀ ਤਹਿ ਹੈ ਤਾਂ ਇਸਦਾ ਸਪਸ਼ਟ ਅਰਥ ਇਹ ਹੈ ਕਿ ਪੰਜਾਬ ਦੇ ਹਾਲਾਤ ਹੋਰ ਵਿਗੜਨਗੇ, ਪੰਜਾਬ ਦੀ ਹੋਰ ਤਬਾਹੀ ਹੋਵੇਗੀ ਅਤੇ ਮਸਲਾ ਲਟਕਣ ਨਾਲ ਕਈ ਹੋਰ ਸਮਸਿਆਵਾਂ ਪੈਦਾ ਹੋਣਗੀਆਂ ।

ਪੰਜਾਬ ਦੀ ਅੱਤਵਾਦੀ-ਵੱਖਵਾਦੀ ਲਹਿਰ ਚਲਣ ਦੇ ਨਾਨ ਨਾਲ ਜਿਹੜੀਆਂ ਹੋਰ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਉਹਨਾਂ ਨਾਲ ਪੰਜਾਬ ਦੇ ਜ਼ਖਮ ਹੋਰ ਵੀ ਡੂੰਘੇ ਹੋ ਗਏ ਸਨ । ਇਸ ਤਰਾਂ ਦੀ ਅਵਸਥਾ ਵਿਚ ਸਾਮਰਾਜੀ ਸ਼ਹਿ ਅਤੇ ਮਦਦ ਪ੍ਰਾਪਤ ਅੱਤਵਾਦੀ-ਵੱਖਵਾਦੀ ਤੱਤਾਂ ਨੂੰ ਆਪਣਾ ਆਧਾਰ ਖੇਤਰ ਕਾਇਮ ਕਰਨ ਤੇ ਪਸਾਰਨ ਦਾ ਬੜਾ ਮੌਕਾ ਮਿਲਿਆ ਸੀ।

ਪਰ ਪੰਜਾਬ ਦੇ ਸਬੰਧ ਵਿਚ ਜਿਹੜਾ ਪੰਜਾਬ ਸਮਝੌਤਾ ਹੋਇਆ ਸੀ ਉਸ ਨਾਲ ਅੱਤਵਾਦੀ-ਵੱਖਵਾਦੀ ਤੱਤਾਂ ਉਤੇ ਵਦਾਨੀ ਸੱਟ ਪਈ ਸੀ । ਪੰਜਾਬ ਸਮਝੌਤੇ ਤੋਂ ਪਿਛੋਂ ਸੂਬੇ ਅੰਦਰ ਹੋਈਆਂ ਅਸੰਬਲੀ ਚੋਣਾਂ ਨੇ ਇਸ ਗਲ ਦੀ ਪੁਸ਼ਟੀ ਕੀਤੀ ਸੀ । ਜੇ ਪੰਜਾਬ ਸਮਝੌਤਾ ਜਿਉਂ ਦਾ ਤਿਉਂ ਲਾਗੂ ਹੋ ਜਾਂਦਾ ਤਾਂ ਪੰਜਾਬ ਦੇ ਹਾਲਾਤ ਅੱਜ ਇਹ ਨਾ ਹੁੰਦੇ ਤੇ ਨਾ ਹੀ ਅੱਤਵਾਦੀ-ਵੱਖਵਾਦੀ ਤੱਤ ਆਪਣੀਆਂ ਚੰਮ ਦੀਆਂ ਚਲਾ ਸਕਦੇ ।

ਪੰਜਾਬ ਸਮਝੌਤੇ ਨੂੰ ਲਾਗੂ ਕਰਨ ਤੋਂ ਭਜਣਾਂ ਕੇਂਦਰੀ ਸਰਕਾਰ ਦੀ ਵੱਡੀ ਗਲਤੀ ਸੀ । ਇਹ ਸਮਝੌਤਾ ਲਾਗੂ ਕਰਨ ਤੋਂ ਜਿਉਂ ਜਿਉਂ ਸਰਕਾਰ ਭਜਦੀ ਗਈ ਤਿਉਂ ਤਿਉਂ ਹੀ ਅੱਤਵਾਦੀ ਤੱਤਾਂ ਦੀ ਚੜ ਮਚਦੀ ਗਈ ਅਤੇ ਅਕਾਲੀ ਅਸੰਬਲੀ ਪਾਰਟੀ ਟੁੱਟਦੀ ਭਜਦੀ ਗਈ ।

ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ
ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ



AIR CANADA
BRITISH AIRWAYS
CATHAY PACIFIC

CANADIAN AIRLINES INTERNATIONAL
THAI AIRWAYS INTERNATIONAL
& OTHER MAJO AIRLINES

AUTHORIZED AGENTS FOR

ਘੱਟ ਤੋਂ ਘੱਟ ਕਿਰਾਏ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

ਅੱਤਵਾਦੀ ਤੱਤਾਂ ਦੀ ਹੋਰ ਵਧੇਰੇ ਚੜ੍ਹ ਉਦੋਂ ਮਚੀ ਜਦੋਂਕਿ ਕੇਂਦਰੀ ਸਰਕਾਰ ਨੇ ਬਰਨਾਲਾ ਸਰਕਾਰ ਨੂੰ ਚਲਦੀ ਕਰਕੇ ਪੰਜਾਬ ਅੰਦਰ ਗਵਰਨਰੀ ਰਾਜ ਲਾਗੂ ਕਰ ਦਿੱਤਾਂ।

ਬਰਨਾਲਾ ਸਰਕਾਰ ਨੂੰ ਤੋੜਨ ਵੇਲੇ ਤੋਂ ਲੈ ਕੇ ਹੁਣ ਤਕ ਕੇਂਦਰੀ ਸਰਕਾਰ ਇਸ ਪਾਲਸੀ ਦੀ ਸੇਧੇ ਹੀ ਚਲਦੀ ਆ ਰਹੀ ਹੈ ਕਿ ਪੰਜਾਬ ਦਾ ਮਸਲਾ ਮੁਖ ਤੌਰ ਤੇ ਅਮਨ ਕਾਨੂੰਨ ਦਾ ਮਸਲਾ ਹੈ ਅਤੇ ਪੰਜਾਬ ਵਿਚੋਂ ਅੱਤਵਾਦ ਖਤਮ ਕਰਕੇ ਹੀ ਕਿਸੇ ਸਿਆਸੀ ਗਲਬਾਤ ਵਲ ਕਦਮ ਪੁਟਿਆ ਜਾਵੇਗਾ।

ਕੇਂਦਰ ਦੀ ਪੰਜਾਬ ਬਾਰੇ ਇਸ ਤਰਾਂ ਦੀ ਪਾਲਸੀ ਬੜੀ ਹੀ ਖਤਰਨਾਕ ਸਿੱਧ ਹੋਈ ਹੈ ਅਤੇ ਇਸ ਦਾ ਜਿਹੜਾ ਵੀ ਪ੍ਰਭਾਵ ਪੈ ਰਿਹਾ ਉਹ ਅੱਤਵਾਦੀ-ਵੱਖਵਾਦੀ ਤੱਤਾਂ ਲਈ ਹੀ ਸਹਾਇਕ ਹੋ ਰਿਹਾ ਹੈ।

ਸਾਮਰਾਜੀ ਸ਼ਹਿ ਅਤੇ ਮਦਦ ਪ੍ਰਾਪਤ ਅੱਤਵਾਦੀ-ਵੱਖਵਾਦੀ ਤੱਤ ਇਹ ਚਾਹੁੰਦੇ ਹਨ ਕਿ ਪੰਜਾਬ ਬਾਰੇ ਕਿਸੇ ਵੀ ਤਰਾਂ ਦੀ ਕੋਈ ਸਿਆਸੀ ਵਾਰਤਾ ਨਾ ਚੱਲੇ। ਉਹ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਸੱਭੇ ਤਰਾਂ ਦੇ ਦਾਅ-ਪੇਚ ਵਰਤ ਰਹੇ ਹਨ ਜਿੰਨਾਂ ਵਿਚ ਮਾਰ ਦੇਣ ਦੀਆਂ ਧਮਕੀਆਂ ਵੀ ਸ਼ਾਮਲ ਹਨ। ਇਸ ਲਈ ਲੋੜ ਤਾਂ ਇਸ ਗੱਲ ਦੀ ਹੈ ਕਿ ਅੱਤਵਾਦੀ-ਵੱਖਵਾਦੀ ਤੱਤਾਂ ਦੀਆਂ ਸੱਭੇ ਤਰਾਂ ਦੀਆਂ ਚਾਲਾਂ ਨੂੰ ਫੇਲ੍ਹ ਕਰਨ ਲਈ ਠੋਸ ਯੋਜਨਾ ਬਣਾਈ ਜਾਵੇ ਅਤੇ ਦ੍ਰਿੜ ਇਰਾਦੇ ਨਾਲ ਅਗੇ ਵਧਿਆ ਜਾਵੇ। ਪਰ ਕੇਂਦਰੀ ਸਰਕਾਰ ਦੀਆਂ ਵਖ ਵਖ ਸੁਰਾਂ ਤੋਂ ਇੰਜ ਲਗਦਾ ਹੈ ਜਿਵੇਂ ਉਸਦੀ ਪੰਜਾਬ ਬਾਰੇ ਕੋਈ ਪਾਲਸੀ ਹੀ ਨਾ ਹੋਵੇ।

ਪੰਜਾਬ ਅੰਦਰ ਅੱਤਵਾਦੀ-ਵਖਵਾਦੀ ਤੱਤਾਂ ਵਲੋਂ ਹਰ ਰੋਜ਼ ਹੀ ਦਰਜਨ ਦੇ ਕਰੀਬ ਬੇਗੁਨਾਹ ਲੋਕਾਂ ਦੇ ਕਤਲ, ਬੰਬ ਰਖਣ ਨਾਲ ਵਾਪਰ ਰਹੇ ਵਡੇ ਦੁਖਾਂਤ ਅਤੇ ਹੋਰ ਤਰਾਂ ਤਰਾਂ ਦੀਆਂ ਦਹਿਸ਼ਤ-ਪਾਊ ਕਾਰਵਾਈਆਂ ਤੋਂ ਪਿਛੋਂ ਮੋਗੇ ਦਾ ਜਿਹੜਾ ਵੱਡਾ ਵਹਿਸ਼ੀਕਾਰਾ ਕੀਤਾ ਗਿਆ ਉਹ ਇਹ ਦਰਸਾਉਂਦਾ ਹੈ ਕਿ ਪੰਜਾਬ ਦੀ ਅਵਸਥਾ ਕਿਸ ਕਦਰ ਗੰਭੀਰ ਹੈ ਅਤੇ ਅੱਤਵਾਦੀ ਤੱਤਾਂ ਨੂੰ ਪੈ ਰਹੀ ਵੱਡੀ ਮਾਰ ਦੇ ਬਾਵਜੂਦ ਹਾਲੇ ਵੀ ਉਹ ਕਿਸ ਤਰਾਂ ਦੇ ਘਿਨਾਉਣੇ ਕਾਰੇ ਕਰ ਸਕਦੇ ਹਨ।

ਪੰਜਾਬ ਦੇ ਗਵਰਨਰ ਅਤੇ ਦੇਸ਼ ਦੇ ਪਰਧਾਨ ਮੰਤਰੀ ਵਲੋਂ ਸਮੇਂ ਸਮੇਂ ਜਿਹੜੇ ਵੀ ਇਹ ਦਾਅਵੇ ਕੀਤੇ ਜਾਂਦੇ ਰਹੇ ਹਨ ਕਿ 'ਪੰਜਾਬ ਦੀ ਹਾਲਤ ਕਾਬੂ ਵਿਚ ਹੈ ਅਤੇ ਅੱਤਵਾਦੀ ਤੱਤ ਅਗੇ ਅਗੇ ਭੱਜ ਤੁਰੇ ਹਨ' ਉਹ ਬੁਰੀ ਤਰਾਂ ਨੰਗੇ ਹੁੰਦੇ ਜਾਂਦੇ ਰਹੇ ਹਨ ਅਤੇ ਮੋਗੇ ਦੇ ਵਹਿਸ਼ੀ ਅੱਤਵਾਦੀ ਕਾਂਡ ਨੇ ਉਹਨਾਂ ਦੇ ਕੁਝ ਦਿਨ ਪਹਿਲਾਂ ਹੀ ਇਸ ਤਰਾਂ ਦੇ ਕੀਤੇ ਗਏ ਦਾਅਵਿਆਂ ਨੂੰ ਝੁਠਲਾਇਆ ਹੈ।

ਪੰਜਾਬ ਦੇ ਗਵਰਨਰ ਸ੍ਰੀ.ਐਸ.ਐਸ. ਰੇਅ ਦੀ ਅਗਵਾਈ ਵਿਚ ਚਲ ਰਹੀ ਰਾਜ ਪ੍ਰਬੰਧਕ ਮਸ਼ੀਨਰੀ ਅੱਤਵਾਦੀ ਖਤਰਿਆਂ ਸਬੰਧੀ ਲਾ-ਪ੍ਰਵਾਹੀ ਵਾਲੀ ਨਿਰਦਈ ਨੀਤੀ ਉਤੇ ਚਲ ਰਹੀ ਹੈ।

ਪੰਜਾਬ ਅੰਦਰ ਅੱਤਵਾਦੀ ਵੱਖਵਾਦੀ ਤੱਤਾਂ ਨੂੰ ਸਿਆਸੀ ਤੌਰ ਉਤੇ ਨਖੇੜਨ ਲਈ ਅਤੇ ਮਸਲੇ ਦੇ ਹੱਲ ਲਈ ਲੋਕਾਂ ਦੇ ਸਭਨਾਂ ਹੀ ਭਾਗਾਂ ਨੂੰ ਲਾਮਬੰਦ ਕਰਨ ਲਈ ਹਾਲਾਤ ਪੈਦਾ ਕਰਨ ਲਈ ਕੋਈ ਅਸਰਦਾਇਕ ਕਦਮ ਪੁਟਣ ਦੀ ਆਪਣੀ ਜ਼ੁਮੇਂਵਾਰੀ ਨਿਭਾਉਣ ਵਿਚ ਨਾਕਾਮ ਹੋਣ ਦਾ ਦੋਸ਼ ਪਰਧਾਨ ਮੰਤਰੀ ਅਤੇ ਕੇਂਦਰੀ ਸਰਕਾਰ ਉਤੇ ਲਗਦਾ ਹੈ।

ਪੰਜਾਬ ਮਸਲਾ ਹੋਰ ਪਹਿਲੂਆਂ ਤੋਂ ਬਿਨਾਂ ਦੇਸ਼ ਦੀ ਏਕਤਾ ਅਖੰਡਤਾ ਅਤੇ ਧਰਮ-ਨਿਰਲੇਪਤਾ ਉਤੇ ਵੀ ਸਿੱਧਾ ਅਸਰ ਪਾਉਂਦਾ ਹੈ। ਇਸ ਤਰਾਂ ਇਸਦੇ ਸਿਆਸੀ ਹੱਲ ਦੇ ਲਟਕਣ ਨਾਲ ਬਹੁਤ ਵਡੇ ਖਤਰੇ ਉਤਪੰਨ ਹੋ ਰਹੇ ਹਨ। ਪਰ ਕੇਂਦਰੀ ਸਰਕਾਰ ਇਹਨਾਂ ਸਭਨਾਂ ਨੂੰ ਹੀ ਅਖੋਂ ਪਰੋਖੇ ਕਰ ਰਹੀ ਹੈ—ਅਤੇ ਉਸਦਾ ਇਕੋ ਨਿਸ਼ਾਨਾ ਏਹੀ ਬਣ ਗਿਆ ਹੈ ਕਿ ਆ ਰਹੀਆਂ ਚੋਣਾਂ ਵਿਚ ਮੁੜ ਤਾਕਤ ਕਿਵੇਂ ਹਾਸਲ ਕੀਤੀ ਜਾ ਸਕਦੀ ਹੈ।

ਕੇਂਦਰੀ ਸਰਕਾਰ ਦੀ ਪੰਜਾਬ ਬਾਰੇ ਇਸ ਨੀਤੀ ਦੀ ਨਾ ਕੇਵਲ ਹਰ ਪਾਸੇ ਤੋਂ ਨਿੰਦਾ ਹੀ ਹੋਣੀ ਚਾਹੀਦੀ ਹੈ ਸਗੋਂ ਇਸ ਨੂੰ ਬਦਲਾਉਣ ਲਈ ਜਨਤਕ ਰੋਸ ਵੀ ਲਾਮਬੰਦ ਹੋਣੇ ਚਾਹੀਦੇ ਹਨ।

●

ਨਾ ਖਤਰਾ ਧਰਮ ਸਥਾਨ ਨੂੰ
ਨਾ ਤਰਸ਼ੂਲਾਂ ਕਿਰਪਾਨਾਂ ਨੂੰ
ਨਾ ਪੂਜਾਂ ਨੂੰ ਨਾ ਪਾਠਾਂ ਨੂੰ
ਨਾ ਆਰਤੀਆਂ ਅਰਦਾਸਾਂ ਨੂੰ
ਨਾ ਖਤਰਾ ਵੇਦ ਗਰੰਥਾਂ ਨੂੰ
ਨਾ ਖਤਰਾ ਕੋਈ ਪੰਥਾਂ ਨੂੰ
ਨਾ ਖਤਰਾ ਟੱਲਾਂ ਸੰਖਾਂ ਨੂੰ
ਜੋ ਲਿਖੀ ਅਮਰ ਸ਼ਹੀਦਾਂ ਨੇ
ਹੈ ਖਤਰਾ ਉਸ ਵਸੀਅਤ ਨੂੰ

ਹੈ ਖਤਰਾ ਅਮਨ ਪੁਜਾਰੀ ਨੂੰ
ਤੇ ਪੰਜਾਬੀਅਤ ਸਾਰੀ ਨੂੰ
ਇਨਸਾਨੀ ਸਾਂਝ ਪਿਆਰੀ ਨੂੰ
ਭਾਰਤ ਦੀ ਖੁਦਮੁਖਤਾਰੀ ਨੂੰ

ਹੈ ਖਤਰਾ ਭੁਖੇ ਢਿੱਡਾਂ ਨੂੰ
ਹੈ ਖਤਰਾ ਨੰਗੇ ਜਿਸਮਾਂ ਨੂੰ
ਹੈ ਖਤਰਾ ਸ਼ਾਨ ਸੁਨਾਮੀ ਨੂੰ
ਜੋ 'ਬਾਬੇ' ਗਾਈ ਜੀਵਨ ਭਰ
ਹੈ ਖਤਰਾ ਉਸ ਨਸੀਹਤ ਨੂੰ
ਨਾ ਖਤਰਾ ਕੋਈ ਮਜ਼ਬਾਂ ਨੂੰ
ਨਾ ਖਤਰਾ ਕੋਈ ਸ਼ਰੀਅਤ ਨੂੰ
ਜੋ ਲਿਖੀ ਅਮਰ ਸ਼ਹੀਦਾਂ ਨੇ
ਹੈ ਖਤਰਾ ਉਸ ਵਸੀਅਤ ਨੂੰ

●


VINYL SIDING

# PAL VINYL INSTALLATION COMPANY

.VINYL SIDINGS,SOFFITS & GUTTERS
.FAST FRIENDLY & ROYAL SERVICE ASSURED
.FREE ESTIMATES.



ਵਾਈਨਲ ਸਾਈਡਿੰਗ,ਸੋਫਿਟਸ ਤੇ ਗਟਰਾਂ ਦਾ ਕੰਮ ਹੋਵੇ ਤਾਂ ਹਮੇਸ਼ਾਂ ਭਰੋਸੇਯੋਗ ਫਾਸਟ ਤੇ ਦੋਸਤਾਨਾ ਸਰਵਿਸ ਲਈ ਪਾਲ ਸਹੋਤਾ ਨੂੰ ਸੇਵਾ ਦਾ ਮੌਕਾ ਦਿਓ।ਵਾਜ਼ਬ ਕੀਮਤ ਤੇ ਤਸੱਲੀਬਖਸ਼ ਸਰਵਿਸ ਸਾਡੀ ਵਿਸ਼ੇਸ਼ਤਾ ਹੈ।

*For More Information*

*PAL SAHOTA PH.(604)581-4212*

# ਕਾਮਾ ਗਾਟਾ ਮਾਰੂ ਦੀ 75ਵੀਂ ਬਰਸੀ

ਗੁਰਨਾਮ ਸਿੰਘ ਸੰਘੇੜਾ

"ਇਨਸਾਨ ਸਾਹਾਂ ਨਾਲ ਤਾਂ ਜਿਉਂਦਾ ਹੀ ਹੈ ਪਰ ਮਰਨ ਪਿੱਛੋਂ ਇਨਸਾਨ ਆਪਣੇ ਚੰਗੇ ਕਰਮਾਂ ਅਤੇ ਲੋਕ ਹਿਤਾਂ ਲਈ ਨਿਭਾਏ ਫਰਜ਼ਾਂ ਨਾਲ ਜਾਣਿਆਂ ਜਾਂਦਾ ਤੇ ਜਿਉਂਦਾ ਹੈ। ਉਹਨਾਂ ਪੁਰਸ਼ਾਂ ਦਾ ਜੀਵਨ ਹੋਰ ਵੀ ਸਫਲ ਹੈ ਜੋ ਮਜ਼ਦੂਰ ਕਿਸਾਨ ਦੀਆਂ ਪੀੜਾਂ ਤੇ ਦਰਦ ਹੰਢਾਉਂਦੇ ਤੇ ਸਾਰੀ ਜ਼ਿੰਦਗੀ ਦੱਬੇ ਕੁਚਲੇ ਤੇ ਕਿਰਤੀ ਲੋਕਾਂ ਲਈ ਲੜਦੇ ਤੇ ਕੰਮ ਕਰਦੇ ਹਨ।"

ਇਕ ਪਾਸੇ ਉਹ ਲੋਟੂ ਤੇ ਹਤਿਆਰੇ ਹਨ ਜੋ ਲੋਕਾਂ ਨੂੰ ਲੁਟਦੇ ਅਤੇ ਧਰਮ, ਨਸਲ, ਜਾਤ, ਰੰਗ ਤੇ ਇਲਾਕਿਆਂ ਦੇ ਨਾਮ ਉਪਰ ਕਿਰਤੀ ਲੋਕਾਂ ਨੂੰ ਵੰਡਦੇ ਹਨ। ਪਰ ਦੂਜੇ ਪਾਸੇ ਉਹ ਮਰ-ਜੀਵੜੇ ਵੀ ਹਨ, ਜੋ ਲੁੱਟ ਜਬਰ ਵਿਰੁੱਧ ਘੋਲ ਕਰਦੇ ਅਤੇ ਦੇਸ਼ ਦੀ ਆਜ਼ਾਦੀ, ਅਖੰਡਤਾ, ਭਰਾਤਰੀ ਭਾਵ ਅਤੇ ਇਕਮੁੱਠਤਾ ਲਈ ਲੜਦੇ ਹੋਏ ਜੀਵਨ ਸਫਲ ਕਰਦੇ ਹਨ। ਉਹ ਹਰ ਕਿਸਮ ਦੇ ਵਿਤਕਰੇ ਅਤੇ ਵੰਡ-ਵਾਦੀ, ਵੱਖਵਾਦੀ ਖਿਆਲਾਂ ਤੇ ਕੰਮ ਵਿਰੁੱਧ ਜੂਝਦੇ ਹਨ।

ਇਸ ਹੀ ਤਰ੍ਹਾਂ ਕਾਮਾ ਗਾਟਾ ਮਾਰੂ ਦੇ ਮੁਸਾਫਰਾਂ ਅਤੇ ਕਨੇਡਾ ਦੇ ਭਾਰਤੀਆਂ (ਕੁਝ ਇਕ ਸਾਮਰਾਜੀ ਜਾਸੂਸਾਂ ਨੂੰ ਛੱਡ ਕੇ) ਨੇ ਅੰਗਰੇਜ਼ੀ ਸਾਮਰਾਜੀ ਚਾਲਾਂ ਅਤੇ ਕਨੇਡੀਅਨ ਸਰਕਾਰ ਦੀਆਂ ਨਸਲਵਾਦੀਆਂ ਨੀਤੀਆਂ ਤੇ ਵੰਡ-ਪਾਊ ਸਾਜ਼ਿਸ਼ਾਂ ਦਾ ਡਟਵਾਂ ਤੇ ਠੋਕਵਾਂ ਵਿਰੋਧ ਕੀਤਾ। ਕਨੇਡੀਅਨ ਸਰਕਾਰ ਨੇ ਅੰਗਰੇਜ਼ੀ ਸਾਮਰਾਜ ਦੀ ਮਿਲ-ਭਸਗਤ ਨਾਲ 1908 ਵਿੱਚ (ਨਾਮ ਲਏ ਬਿਨਾਂ ਭਾਰਤੀਆਂ ਵਿਰੁੱਧ ਕਨੇਡਾ ਵਿੱਚ ਦਾਖਲ ਹੋਣ ਲਈ ਪੈਦਾਇਸ਼ੀ ਨਾਗਰਿਕਤਾ ਵਾਲੇ ਦੇਸ਼ ਤੋਂ ਅਟੁਟ ਸਿੱਧੇ ਸਫਰ ਦਾ ਕਾਨੂੰਨ ਬਣਾਇਆ ਅਤੇ ਨਾਲ ਹੀ ਸ਼ਰਤ ਲਾਈ ਕਿ ਹਰ ਮੁਸਾਫਰ ਪਾਸ ਦੋ ਸੌ ਡਾਲਰ ਹੋਵੇ। ਉਸ ਸਮੇਂ ਭਾਰਤ ਤੋਂ ਕੋਈ ਸਿਧਾ ਜਹਾਜ਼ ਕਨੇਡਾ ਨਹੀਂ ਆਉਂਦਾ ਸੀ। ਪਿਛੋਂ ਜਦੋਂ ਕਿਸੇ ਵੀ ਕੰਪਨੀ ਨੇ ਭਾਰਤ ਤੋਂ ਸਿਧਾ ਜਹਾਜ਼ ਚਲਾਉਣ ਦਾ ਯਤਨ ਕੀਤਾ ਤਾਂ ਅੰਗਰੇਜ਼ੀ ਸਰਕਾਰ ਨੇ ਦਬਾ ਪਾ ਕੇ ਹਟਾ ਦਿੱਤਾ। ਨਾਲ ਹੀ ਲਾਇਸੰਸ ਵੀ ਨਹੀਂ ਦੇਣਾ ਸੀ। ਸੋ ਇਸ ਕਰਕੇ ਭਾਈ ਗੁਰਦਿੱਤ ਸਿੰਘ ਨੇ ਕਾਮਾ ਗਾਟਾ ਮਾਰੂ ਜਹਾਜ਼ ਹਾਂਗਕਾਂਗ ਤੋਂ ਤੋਰਿਆ। ਇਹ ਜਹਾਜ਼ 23 ਮਈ, 1914 ਨੂੰ ਵੈਨਕੂਵਰ ਵਿੱਚ ਬੁਰਾਰਡ ਇਨਲਿਟ (ਉਪ-ਖਾੜੀ) ਵਿੱਚ ਪਹੁੰਚਿਆ। ਫਿਰ ਕਾਫੀ ਜਦੋਜਹਿਦ ਤੋਂ ਪਿਛੋਂ ਫੌਜੀ ਜੰਗੀ ਜਹਾਜ਼ ਦੀ ਮੱਦਦ ਨਾਲ 23 ਜੁਲਾਈ, 1914 ਨੂੰ ਵਾਪਸ ਮੋੜ ਦਿੱਤਾ ਗਿਆ। ਰਾਹ ਵਿੱਚ ਕਿਤੇ ਅਟਕਣ ਨਾ ਦਿੱਤਾ ਅਤੇ ਅੰਗਰੇਜ਼ੀ ਸਾਮਰਾਜ ਨੇ ਬਜਬਜ ਘਾਟ ਕਲਕੱਤਾ ਆਉਣ ਲਈ ਮਜ਼ਬੂਰ ਕੀਤਾ। ਅੰਗਰੇਜ਼ਾਂ ਦੀ ਹਰ ਕੋਸ਼ਿਸ਼ ਸੀ ਕਿ ਭਾਰਤ ਹੋਰ ਦੇਸ਼ ਤੇ ਖਾਸ ਕਰ ਯੂਰਪ ਤੇ ਉਤਰੀ ਅਮਰੀਕਾ ਨਾ ਜਾਣ ਕਿਉਂਕਿ ਉਥੇ ਇਹਨਾਂ ਨੂੰ ਆਜ਼ਾਦੀ ਤੇ ਹੋਰ ਹੱਕਾਂ ਦੀ ਹਵਾ ਲਗੇਗੀ। ਰਾਜਸੀ ਚੇਤਨਤਾ ਵਧੇਗੀ, ਜਿਸ ਨਾਲ ਭਾਰਤੀ ਆਜ਼ਾਦੀ ਲਹਿਰ ਲਈ ਸਰਗਰਮੀ ਜ਼ਿਆਦਾ ਹੋਵੇਗੀ। ਜਹਾਜ਼ ਦੇ ਵਾਪਸ ਪਹੁੰਚਣ ਤੇ ਗੋਲੀਆਂ ਤੇ ਨਜ਼ਰਬੰਦੀਆਂ ਨਾਲ ਸੁਗਤ ਹੋਇਆ।

ਅੰਗਰੇਜ਼ਾਂ ਨੇ ਭਾਰਤੀਆਂ ਦੇ ਬਾਹਰ ਜਾਣ ਨੂੰ 1883 ਦੇ "ਇੰਡੀਅਨ ਇਮੀਗਰੇਸ਼ਨ ਐਕਟ" ਅਧੀਨ ਗੈਰ-ਕਾਨੂੰਨੀ ਬਣਾਇਆ ਹੋਇਆ ਸੀ। ਉਹ ਸਿਰਫ ਲੰਕਾ ਤੇ ਕੁਝ ਖਾੜੀਆਂ ਨੂੰ ਜਾ ਸਕਦੇ ਸਨ। ਭਾਵੇਂ ਪਿਛੋਂ ਇਸ ਕਾਨੂੰਨ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ।

ਭਾਰਤ ਤੋਂ ਬਾਹਰ ਆਏ ਹੋਏ ਭਾਰਤੀਆਂ ਵਿੱਚ ਦੇਸ਼ ਦੀ ਆਜ਼ਾਦੀ ਲਈ ਗੱਲਾਂ ਚਲਦੀਆਂ ਤੇ ਸਰਗਰਮੀ ਸੀ। ਭਾਰਤ ਵਿੱਚ ਗਰਮ-ਜੋਸ਼ੀ ਦਾ ਦੌਰ ਆਰੰਭ ਸੀ। ਕਨੇਡਾ - ਅਮਰੀਕਾ ਵਿੱਚ ਏਸ਼ੀਆ ਦੇ ਲੋਕਾਂ ਦਾ ਦਾਖਲਾ ਰੋਕਣ ਲਈ ਕਈ ਨਸਲਵਾਦੀ ਨਿਯਮ ਤੇ ਕਾਨੂੰਨ ਬਣਾਏ ਗਏ। ਖਾਸ ਕਰ 1906 - 07 ਵਿੱਚ ਵੈਨਕੂਵਰ ਅਤੇ ਅਮਰੀਕਾ ਦੇ ਬੈਲੀਗਾਮ ਆਦਿ ਵਿੱਚ ਭਾਰਤੀਆਂ ਵਿਰੁੱਧ ਨਸਲੀ ਫਸਾਦ ਹੋਏ। ਭਾਰਤੀਆਂ ਦੇ ਦਾਖਲੇ ਨੂੰ ਰੋਕਣ ਲਈ ਅਮਰੀਕਾ - ਕਨੇਡਾ ਵਿੱਚ ਨਸਲਵਾਦੀ ਜਥੇਬੰਦੀਆਂ ਬਣੀਆਂ। ਇੱਥੋਂ ਤੱਕ ਕਿ ਕਈ ਟਰੇਡ ਯੂਨੀਅਨਾਂ ਵੀ ਇਸ ਗੱਲ ਦਾ ਸ਼ਿਕਾਰ ਹੋਈਆਂ।

ਗੱਲ / ਮਸਲਾ ਇਮੀਗਰੇਸ਼ਨ ਦਾ ਨਹੀਂ ਸੀ ਬਲਕਿ ਮਸਲਾ ਇਹ ਸੀ ਕਿਸ ਰੰਗ, ਨਸਲ ਤੇ ਕਿਸਮ ਦੀ ਇਮੀਗਰੇਸ਼ਨ ਹੋਣ ਦਿੱਤੀ ਜਾਵੇ। ਮਜ਼ਦੂਰੀ ਤਾਂ ਘੱਟ ਸੀ। ਨਾ ਹੀ ਕੋਈ ਆਪਸੀ ਮੁਕਾਬਆ ਸੀ, ਏਸ਼ੀਅਨ ਲੋਕਾਂ ਨੂੰ ਕਈ ਨੌਕਰੀਆਂ ਤੇ ਰੱਖਣਾ ਗੈਰ-ਕਾਨੂੰਨੀ ਸੀ। ਇਸੇ ਹੀ ਤਰ੍ਹਾਂ ਕਈ ਇਲਾਕਿਆਂ ਵਿੱਚ ਰਹਿਣ ਦੀ ਖੁਲ੍ਹ ਨਹੀਂ ਸੀ ਅਤੇ ਯੂਨੀਅਨ ਦੇ ਮੈਂਬਰ ਬਣਨ ਤੇ ਮਨਾਹੀ ਸੀ ਪਰ ਫਿਰ ਖੁਲ੍ਹ ਦੇ ਦਿੱਤੀ। ਸੋ ਭਾਰਤੀ ਲੋਕਾਂ ਨੂੰ ਕਈ ਸਿਆਸੀ ਅਤੇ ਨਾਗਰਿਕਤਾ ਦੇ ਹੱਕਾਂ ਤੋਂ ਵਾਂਝਿਆਂ ਰੱਖਿਆ ਹੋਇਆ ਸੀ। ਭਾਰਤੀਆਂ ਦੇ ਆਪਣੇ ਆਰਥਿਕ ਸਾਧਨ ਘੱਟ ਸਨ ਪਰ ਜਦੋਂ ਟਰੇਡ ਯੂਨੀਅਨ ਵਿੱਚ ਸ਼ਾਮਲ ਹੋ ਜਾਣ ਤਾਂ ਫਿਰ ਰਵਾਹਿਤੀ ਸਰਗਰਮੀ ਤੋਂ ਕਿਤੇ ਜ਼ਿਆਦਾ ਖਾੜਕੂ ਹਨ। ਏਸ਼ਿਆਈ ਲੋਕਾਂ ਨੇ 1900 ਤੋਂ 1939 ਤੱਕ ਜੁਦੀਆਂ ਜੁਦੀਆਂ 51 ਹੜਤਾਲਾਂ ਕੀਤੀਆਂ। ਉਹਨਾਂ ਦਾ ਨਾਅਰਾ ਸੀ ਅਸੀਂ ਕਾਲੇ ਜਾਂ ਚਿੱਟੇ ਨਹੀਂ ਅਤੇ ਨਾ ਹੀ ਕੌਮੀਅਤ ਦੀ ਗੱਲ ਹੈ, ਅਸੀਂ ਮਜ਼ਦੂਰ ਹਾਂ ਅਤੇ ਮਜ਼ਦੂਰ ਸ਼ਕਤੀ ਵੇਚਣ ਦੀ ਵੱਡੀ ਸਾਂਝ ਹੈ।

ਭਾਰਤੀਆਂ ਦਾ ਕਨੇਡਾ ਵਿੱਚੋਂ ਦਾਖਲਾ ਰੋਕਣ ਵਿੱਚ ਅੰਗਰੇਜ਼ੀ ਸਾਮਰਾਜ ਮੋਹਰੀ ਸੀ। ਜਿਵੇਂ ਇਸ ਕੰਮ ਲਈ ਹਾਂ ਕਰਾਉਣ ਲਈ ਕਨੇਡੀਅਨ ਸਰਕਾਰ ਵਲੋਂ ਮਕੈਨਜ਼ੀ ਕਿੰਗ 14 ਮਾਰਚ, 1908 ਨੂੰ ਲੰਡਨ ਗਿਆ। ਉਥੇ ਉਹ ਬਰਤਾਨੀਆਂ ਦਾ ਭਾਰਤ ਲਈ ਮੰਤਰੀ ਜੋਹਨ ਮੋਰਲੇ, ਵਿਦੇਸ਼ ਮੰਤਰੀ


GM

WESTMINSTER
CHEVROLET OLDSMOBILE

Telephone (604) 521-7731



ਗੁਰਜੀਤ ਚੋਂਕਸਾ ਬਾਵਾ

LOOKING FOR:
A NEW OR USED CAR, VAN OR PICK UP! COME & SEE MR. GURJIT BAWA FOR THE BEST DEAL
ਸਾਡੇ ਕੋਲ ਨਵੀਆਂ ਪੁਰਾਣੀਆਂ ਕਾਰਾਂ, ਸਪੋਰਟਸ ਕਾਰਾਂ,.ਪਿੱਕ ਅੱਪ ਆਦਿ ਹਨ। ਆਪਣੀ ਕਾਰ ਵੇਚਣ ਜਾਂ ਖਰੀਦਣ ਤੋਂ ਪਹਿਲਾਂ ਇਕ ਵਾਰੀ ਗੁਰਜੀਤ ਬਾਵਾ ਨੂੰ ਮਿਲੋ ਜਾਂ ਫੋਨ ਜ਼ਰੂਰ ਕਰੋ। ਉਹ ਤੁਹਾਨੂੰ ਵਧੀਆ ਕੀਮਤ ਤੇ ਕਾਰ ਦਿਵਾਉਣਗੇ। ਉਹ ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਵੀ ਕਰਵਾਉਣਗੇ।

BUS. 521-7731, PAGER 687-1985 #5531
12th. STREET AT QUEENS AVE., NEW WESTMINSTER,B.C.



1983 ਤੋਂ 1987 ਤੱਕ ਟੋਪ ਸੇਲ ਮੈਨ ਐਵਾਰਡ ਜੇਤੂ

ਐਡਵਰਡ ਮਰੇ ਅਤੇ ਲਾਰਡ ਐਲਜ਼ਨ ਨੂੰ ਮਿਲਿਆ ਤੇ ਭਾਰਤੀਆਂ ਨੂੰ ਕਨੇਡਾ ਵਿੱਚ ਇਮੀਗਰੇਸ਼ਨ ਬਾਰੇ ਗੱਲ ਬਾਤ ਕੀਤੀ। ਉਸ ਰਿਪੋਰਟ ਵਿੱਚ ਆਖਿਆ ਗਿਆ ਕਿ ਦਾਖਲਾ ਰੋਕਣ ਲਈ ਕੋਈ ਢੰਗ ਲੱਭੇ ਜਾਣ। ਸੋ ਆਖਰ ਵਿੱਚ ਭੁਲੇਖਾ ਖਾਣ ਵਾਲਿਆਂ ਨੂੰ ਪਤਾ ਲਗ ਗਿਆ ਕਿ ਲੁਟੇਰਿਆਂ ਦੇ ਵਾਅਦੇ ਜਿਵੇਂ ਬਰਤਾਨਵੀ ਪਰਜਾ ਤੇ ਇਨਸਾਫ ਆਦਿ ਛਲਾਵੇ ਹਨ। ਇਸ ਸਭ ਨਸਲਵਾਦੀ ਨੀਤੀਆਂ ਵਿਰੁੱਧ ਭਾਰਤੀਆਂ ਤੇ ਕੁਝ ਗੋਰੇ ਲੋਕਾਂ ਜਿਵੇਂ ਡਾਕਟਰ ਵਿਲਕੀ, ਰੌਬਰਟ ਕਲਾਰਕ ਬਿਊਮੇਂਟ ਬੌਜ਼ਕ ਅਤੇ ਅਲਿਜ਼ਕੇਥ ਰੌਸ ਆਦਿ ਨੇ ਆਵਾਜ਼ ਉਠਾਈ।

ਨਸਲਵਾਦ ਤੇ ਵਿਤਕਰੇ ਭਰੀਆਂ ਨੀਤੀਆਂ ਵਿਰੁੱਧ ਉਸ ਸਮੇਂ ਦੀ ਖਾਲਸਾ ਦੀਵਾਨ ਸੁਸਾਇਟੀ (ਜਿਸ ਦੀ ਨੀਤੀ ਸੈਕੂਲਰ ਅਤੇ ਭਾਰਤ ਹਿਤੂ ਤੇ ਹਰ ਵਿਤਕਰੇ ਵੰਡ ਵਿਰੁਧ ਸੀ) ਅਤੇ ਯੂਨਾਈਟਿਡ ਇੰਡੀਆ ਲੀਗ ਨੇ ਰਲ ਕੇ ਘੋਲ ਕੀਤੇ। ਉਸ ਸਮੇਂ ਹਰ ਭਾਰਤੀ ਖਾਲਸਾ ਦੀਵਾਨ ਸੁਸਾਇਟੀ ਦਾ ਵੀ ਮੈਂਬਰ ਹੁੰਦਾ ਸੀ। 1909 ਵਿੱਚ ਖਾਲਸਾ ਦੀਵਾਨ ਸੁਸਾਇਟੀ ਦੇ ਕਾਫੀ ਮੈਂਬਰ ਅਤੇ ਹਸਨ ਰਹੀਮ ਤੇ ਗੁਰੂ ਦੱਤ ਕੁਮਾਰ ਦੇ ਨਾਲ ਇਕੱਠੇ ਤੌਰ ਤੇ ਕਨੇਡਾ ਦੀ ਸਮਾਜਵਾਦੀ ਪਾਰਟੀ (ਸੋਸ਼ਲਿਸਟ ਪਾਰਟੀ ਆਫ ਕਨੇਡਾ) ਦਾ ਅੰਗ ਬਣੇ। ਵੈਸੇ ਹਸਨ ਰਹੀਮ ਦਾ ਅਸਲੀ ਨਾਮ ਸ਼ਗਨ ਖਰਾਜ ਵਰਮਾ ਸੀ ਅਤੇ ਉਹ ਗੁਜਰਾਤ ਦਾ ਰਹਿਣ ਵਾਲਾ ਸੀ। ਛਗਨ

ਅੰਗਰੇਜ਼ ਸਾਮਰਾਜ ਨੇ ਵਿਦੇਸ਼ੀ ਭਾਰਤੀ ਉਪਰ ਨਜ਼ਰ ਰੱਖਣ ਲਈ ਆਪਣੇ ਜਾਸੂਸ ਰੱਖੇ ਹੋਏ ਸਨ ਅਤੇ ਵੁਹ ਬਕਾਇਦਾ ਭਾਰਤ ਅਤੇ ਲੰਡਨ ਨੂੰ ਸੂਚਿਤ ਕਰਦੇ ਰਹਿੰਦੇ ਸਨ। ਕਨੇਡਾ ਅਮਰੀਕਾ ਦੇ ਪੱਛਮੀ ਤੱਟ ਦੇ ਭਾਰਤੀਆਂ ਦੀ ਸਰਗਰਮੀ ਨੋਟ ਕਰਨ ਲਈ ਜੌਹਨ ਹੌਕਿਨਸਨ ਸੀ ਜੋ ਕਲਕੱਤਾ ਦੀ ਪੁਲਿਸ ਸੀ। ਵੈਨਕੂਵਰ ਦੇ ਕਨੇਡੀਅਨ ਇਮੀਗਰੇਸ਼ਨ ਅਫਸਰਾਂ ਨੇ ਭੀ ਭਾਰਤੀ ਦੇਸ਼ ਭਗਤਾਂ (ਉਤਰੀ ਅਮਰੀਕਾ ਵਿੱਚ) ਉਪਰ ਪੂਰੀ ਜਾਸੂਸੀ ਕੀਤੀ। ਕਾਕਾ ਗਾਟਾ ਮਾਰੂ ਤੋਂ ਪਹਿਲਾਂ ਹੀ ਨਵੰਬਰ 1913 ਵਿੱਚ ਗਦਰ ਪਾਰਟੀ ਸਥਾਪਤ ਹੋ ਚੁੱਕੀ ਸੀ, ਜਿਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਸਨ, ਜਿਹਨਾਂ ਨੇ ਭਾਰਤ ਵਾਪਸ (ਜੰਗਿ-ਅਜ਼ਾਦੀ ਲਈ) ਜਾ ਕੇ ਭਾਰਤੀ ਕਮਿਊਨਿਸਟ ਲਹਿਰ ਤੇ ਪਿਛੋਂ (ਸੀ. ਪੀ. ਐਮ.) ਵਿੱਚ ਗੁਜ਼ਾਰੀ। ਕਨੇਡਾ ਦੇ ਸਰਗਰਮ ਭਾਰਤੀਆਂ ਦਾ ਗਦਰ ਪਾਰਟੀ ਨਾਲ ਲਗਾਤਾਰ ਸੰਪਰਕ ਤੇ ਬਹੁਤ ਨੇੜੇ ਦਾ ਸਬੰਧ ਸੀ। ਜਿਵੇਂ ਸ਼ਹੀਦ ਬਲਵੰਤ ਸਿੰਘ, ਭਾਈ ਭਾਗ ਸਿੰਘ, ਸ਼ਹੀਦ ਮੇਵਾ ਸਿੰਘ, ਹਸਨ ਰਹੀਮ, ਜੀ. ਡੀ. ਕੁਮਾਰ ਅਤੇ ਹੋਰ ਅਨੇਕਾਂ ਬੰਦਿਆਂ ਦਾ। ਜਦੋਂ ਕਾਕਾ ਗਾਟਾ ਮਾਰੂ ਜਹਾਜ਼ ਵੈਨਕੂਵਰ ਤੋਂ ਜਬਰਦਸਤੀ ਵਾਪਸ ਭੇਜਿਆ ਗਿਆ ਤਾਂ ਰਾਹ ਵਿੱਚ ਇਸ ਨੂੰ ਗਦਰੀ ਪਾਰਟੀ ਦੇ ਕਾਰਕੁੰਨ ਕਿਲੇ। ਗਦਰ ਪਾਰਟੀ ਬਾਰੇ ਤੇ ਭਾਰਤੀ ਆਜ਼ਾਦੀ ਲਈ ਚੇਤਨ ਕੀਤਾ। ਦੇਸ਼ ਲਈ ਪਿਆਰ ਜਗਾਇਆ ਤੇ ਧਾਰਮਿਕ ਤੇ ਜਾਤੀ ਨਿਜੀ ਖਿਆਲਾਂ ਨੂੰ ਦਖਲ ਨਾ ਦੇਣ ਦਿੱਤਾ। ਸੰਦੇਸ਼ ਸੀ:—

> 'ਕੋਈ ਨਾਮੋ ਨਿਾਂ (ਨ) ਪੂਛੇ ਤੋਂ ਗਦਰੀ ਉਸ ਸੇ ਕਹਿ ਦੇਣਾ
> ਵਤਨ ਹਿੰਦੋਸਤਾਂ (ਨ) ਆਪਣਾ ਹੈ ਹਮ ਹਿੰਦੋਸਤਾਨੀ ਹੈਂ"।
>
> (ਗਦਰ ਗੀਤ)

ਗਦਰ ਪਾਰਟੀ ਦਾ ਇਹਨਾਂ ਮੁਸਾਫਰਾਂ ਤੇ ਅਸਰ ਪਿਆ ਤੇ ਭਾਰਤੀ ਆਜ਼ਾਦੀ ਲਈ ਇਕਮੁਠਤਾ ਤੇ ਭਰਾਤਰੀ ਭਾਵ ਦਾ ਹੋਰ ਵੀ ਡੂੰਘਾ ਅਸਰ ਪਿਆ ਗਦਰ ਪਾਰਟੀ ਤੇ ਭਾਰਤੀ ਆਜਜ਼ਾਦੀ ਦੇ ਘੁਲਾਟੀਆਂ ਦੇ ਸੈਕੂਲਰ ਖਿਆਲ ਸਨ ਗਦਰ ਪਾਰਟੀਆਂ ਦੇ ਵਿਧਾਨ ਦੇ ਆਰਟੀਕਲ 14 ਵਿੱਚ ਲਿਖਿਆ ਹੈ:— ਕਿਸੇ ਮਜ਼ਬ ਨੂੰ ਰਾਜਸੀ ਜਾਂ ਸਮਾਜਿਕ ਇੰਤਜ਼ਾਮ ਵਿੱਚ ਦਖਲ ਦੇਣ ਦਾ ਹੱਕ ਨਹੀਂ ਹੋਵੇਗਾ।

13 (ਹ) ਮਜ਼ਬੀ ਝਗੜਿਆਂ ਤੋਂ ਅਲੱਗ ਰਹੇ।

14 (ਹ) ਮਜ਼ਬੀ ਵਿਸ਼ਵਾਸ ਦੀ ਆਜ਼ਾਦੀ ਹੋਵੇਗੀ।

ਗਦਰੀ ਪਾਰਟੀ ਅਤੇ ਕਾਮਾ ਗਾਟਾ ਮਾਰੂ ਦੇ ਲੋਕ ਆਪਣੇ ਧਾਰਮਿਕ ਵਿਸ਼ਵਾਸ ਰਖਦੇ ਹੋਏ ਵੀ ਇਹਨਾਂ ਵੰਡੀਆਂ ਤੋਂ ਉਪਰ ਸਨ ਅਤੇ ਉਹ ਇਸ ਨੂੰ ਨਿਜੀ ਤੇ ਪ੍ਰਾਈਵੇਟ ਮਾਮਲਾ ਸਮਝਦੇ ਸਨ। ਕਈ ਲੋਕ ਅੱਜ ਵੀ ਗਦਰੀਆਂ ਤੇ ਕਾਮਾ ਗਾਟਾ ਮਾਰੂ ਦੇ ਮੁਸਾਫਰਾਂ ਨੂੰ ਧਰਮ ਦੇ ਨਾਮ ਉਪਰ ਵੰਡਣ ਦੇ ਯਤਨ ਕਥਦੇ ਹਨ।

ਅੰਗਰੇਜ਼ੀ ਸਾਮਰਾਜ ਨੇ ਭਾਰਤੀਆਂ ਨੂੰ ਧਰਮ, ਜਾਤ-ਪਾਤ, ਕਬੀਲਾ ਅਤੇ ਇਲਾਕਿਆਂ ਦੇ ਨਾਮ ਉਪਰ ਵੰਡ ਪਾ ਕੇ ਕਮਜ਼ੋਰ ਕਰਨ ਦੀਆਂ ਚਾਲਾਂ ਚੱਲੀਆਂ ਆਮ ਕਹਾਵਤ ਵੀ ਹੈ ਕਿ ਮਾਲਕ ਜਾਂ ਹਾਕਮ ਟੋਲਾ ਤਾਂ ਵੰਡੋ ਤੇ ਰਾਜ ਕਰੋ ਦੀ ਨੀਤੀ ਤੇ ਚਲਦੇ ਹਨ। ਇੱਕੋ ਹੀ ਰੰਗ ਤੇ ਕੌਮੀਅਤ ਵਾਲਿਆਂ ਨੂੰ ਧਰਮ ਜਾਂ ਧਾਰਮਿਕ ਸ਼ਾਖਾਂ ਵਿੱਚ ਵੰਡਦੇ ਹਨ ਜਾਂ ਜਾਤਾਂ ਦੇ ਨਾਮ ਉਪਰ। ਅੱਜ ਕਨੇਡੀਅਨ ਸਰਕਾਰ ਵੀ ਇਥੇ ਰਹਿੰਦੇ ਭਾਰਤੀਆਂ ਨੂੰ ਹਿੰਦੂ-ਸਿਖ ਵਿੱਚ ਵੰਡਣ

FLAG
CHEVROLET OLDSMOBILE LTD.
15250 - 104th. AVENUE, SURREY, B.C.
CANADA V3R 6N8
ਨਵੀਂ ਕਾਰ ਲੈਣ ਦੀ ਸੋਚ ਰਹੇ ਹੋ, ਤਾਂ ਹੋਰ ਬਹੁਤ ਦੇਰ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ। ਆਪਣੇ ਇਲਾਕੇ ਵਿਚੋਂ ਸਭ ਤੋਂ ਸਸਤੀ ਕੀਮਤ ਅਤੇ ਹੋਰ
ਸੇਲਜ਼ ਮੈਨੇਜਰ ਸੁੱਖੀ ਬਾਠ
TEL. (604)584-7411
OR 645-3597 (Pager)

ਹਰ ਪ੍ਰਕਾਰ ਦੀਆਂ ਪੁਰਾਣੀਆਂ ਕਾਰਾਂ ਬੇਸ਼ੁਮਾਰ ਗਿਣਤੀ ਵਿਚ ਪੁੱਜ ਗਈਆਂ ਹਨ।
ਤੁਹਾਡੀ ਪਸੰਦ ਦੀ ਵਧੀਆ ਕਾਰ ਤੁਹਾਡੇ ਮਨ ਦੀ ਕੀਮਤ ਅਨੁਸਾਰ ਵੀ ਮਿਲ ਸਕਦੀ ਹੈ। ਮੌਕੇ ਤੋਂ ਲਾਭ ਉਠਾਓ। ਅਸੀਂ ਸੇਵਾ ਲਈ ਹਾਜ਼ਰ ਹਾਂ।
TOP SALESMAN AWARD
WINNER 1987

ਲਈ ਤੁਲੀ ਹੋਈ ਹੈ। ਉਸ ਦਾ ਕਾਰਨ ਇਹ ਵੀ ਹੈ ਕਿ ਇਥੇ ਦੇ ਫਿਰਕੂ ਮੂਨ ਵਾਦੀ ਸਿੱਖ ਅਤੇ ਇਸੇ ਹੀ ਤਰ੍ਹਾਂ ਕੱਟੜਪੰਥੀ ਕੁਝ ਹਿੰਦੂ ਵੀ ਸੌੜੇ ਹਿਤਾਂ ਲਈ ਸਰਕਾਰ ਨੂੰ ਆਖ ਰਹੇ ਹਨ ਕਿ ਇਹ ਦੋ ਵੱਖੋ ਵੱਖਰੀਆਂ ਕਮਿਊਨਿਟੀਆਂ ਹਨ। ਭਾਵੇਂ ਕਿ ਅਸਲੀਅਤ ਇਸ ਦੇ ਉਲਟ ਹੈ। ਇਸ ਨਾਲ ਅੰਤਮ ਤੌਰ ਤੇ ਕਨੇਡੀਅਨ ਭਾਰਤੀਆਂ ਦੀ ਨਸਲਵਾਦ ਵਿਰੁੱਧ ਆਪਣੇ ਹੱਕਾਂ ਲਈ ਜਦੋਜਹਿਦ ਅਤੇ ਬੱਚਿਆਂ, ਬਜ਼ੁਰਗਾਂ, ਪੀੜੀ ਪਾੜੇ ਸਵੈ-ਹੋਂਦ ਆਦਿ ਦੇ ਮਸਲਿਆਂ ਲਈ ਸੱਭੇ ਐਕਸ਼ਨ ਕਮਜ਼ੋਰ ਹੁੰਦੇ ਹਨ। ਇਸ ਨਾਲ ਦਵੈਤ ਭਾਵ ਵਾਲੀਆਂ ਰਾਜ ਕਰਦੀਆਂ ਸ਼ਕਤੀਆਂ ਨੂੰ ਹੋਰ ਸ਼ਹਿ ਮਿਲਦੀ ਹ੦। ਕਾਮਾ ਗਾਟਾ ਮਾਰੂ ਦੀ ਬਰਸੀ ਤੋਂ ਤਾਂ ਏਕਤਾ, ਭਰਾਤਰੀ ਭਾਵ ਸਿਖਣਾ ਚਾਹੀਦਾ ਹੈ।

ਅਜੇ ਬਹੁਤ ਸਾਰੀਆਂ ਭਾਰਤੀ ਕਨੇਡੀਅਨਾਂ ਦੀਆਂ ਜਥੇਬੰਦੀਆਂ ਜਿਵੇਂ ਈਸਟ ਇੰਡੀਆ ਵਰਕਰਜ਼ ਐਸੋਸੀਏਸ਼ਨ, ਕਾਮਾ ਗਾਟਾ ਮਾਰੂ ਫਾਊਂਡੇਸ਼ਨ ਆਦਿ ਕਾਮਾ ਗਾਟਾ ਮਾਰੂ ਸਬੰਧਤ ਮੀਟਿੰਗਾਂ, ਜਲਸੇ ਕਰ ਰਹੇ ਅਤੇ ਹੋਰ ਹਾਂ-ਪੱਖੀ ਕਾਰਵਾਈਆਂ ਕਰ ਰਹੀਆਂ ਹਨ। ਕੁਝ ਮਿਊਂਸਪਲ ਕਮੇਟੀਆਂ ਸੂਬਾਈ ਤੇ ਕੇਂਦਰੀ ਸਰਕਾਰਾਂ ਨੂੰ 17 - 23 ਜੁਲਾਈ ਕਾਮਾ ਗਾਟਾ ਮਾਰੂ ਹਫਤਾ ਐਲਾਨਣ। ਨਸਲਵਾਦੀ ਨੀਤੀ ਤੇ ਪਛਤਾਵਾ ਕਰਨ ਅਤੇ ਯਾਦਗਾਰੀ ਪਲੇਟ ਲਾਉਣ ਲਈ ਆਖਿਆ ਹੈ। ਵੈਨਕੂਵਰ ਅਤੇ ਸਰੀ ਆਦਿ ਮਿਊਂਸਪਲ ਕਮੇਟੀਆਂ ਨੇ ਇਸ ਹਫਤੇ ਦਾ ਐਲਾਨ ਕੀਤਾ ਹੈ ਅਤੇ ਕਾਮਾ ਗਾਟਾ ਮਾਰੂ ਦੀ ਦੁਰਘਟਨਾਂ ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਇਸ ਬੇਇਨਸਾਫੀ ਨੂੰ ਮੰਨਿਆਂ ਹੈ। ਯਾਦਗਾਰੀ ਪਲੇਟ ਲਵਾਉਣ ਲਈ ਹੋਰ ਯਤਨ ਦੀ ਲੋੜ ਜਾਪਦੀ ਹੈ। ਇਸ ਸਮੇਂ ਦੇ ਦੌਰਾਨ ਇੱਕ ਗੱਲ ਬੜੀ ਸੱਪਸ਼ਟ ਹੋ ਕੇ ਸਾਹਮਣੇ ਆਈ ਹੈ ਕਿ ਇਸ ਵੈਨਕੂਵਰ ਦੇ ਐਲਾਨਮਾਮੇ ਵਿੱਚ ਕਾਮਾਗਾਟਾ ਮਾਰੂ ਦੇ 376 ਮੁਸਾਫਰਾਂ ਦੇ ਲਿਖਣ ਅਤੇ ਕਿੱਥੇ ਆਏ ਤੇ ਕਾਫੀ ਵਿਵਾਦ ਰਿਹਾ ਹੈ। ਪਰ ਲਾਰਡ ਮੇਅਰ ਨੇ ਉਹ, ਉਹ ਲਿਖੇਗਾ ਜੋ ਉਸ ਨੂੰ ਏਕਤਾ ਤੇ ਸਮਤੋਲ ਰੱਖਣ ਲਈ ਠੀਕ ਲਗੇਗਾ। ਇਸ ਗੋਸ਼ਟੀ ਜਾਂ ਵਿਚਾਰ ਵਟਾਂਦਰੇ ਦੇ ਦੌਰਾਨ ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਤੇ ਇਸ ਨਾਲ ਸਬੰਧਤ ਧਾਰਮਿਕ ਜਥੇਬੰਦੀਆਂ ਇਹ ਆਖਦੀਆਂ ਸਨ ਕਿ 376 ਮੁਸਾਫਰਾਂ ਦੇ ਅੱਗੇ ਬਰੈਕਟ ਵਿੱਚ ਉਹਨਾਂ ਦੀਆਂ ਧਾਰਮਿਕ ਵੰਡੀਆਂ ਪਾ ਕੇ ਲਿਖਿਆ ਜਾਵੇ। ਉਹ ਹੋਰ ਲਿਖਾਰੀਆਂ ਦੇ ਹਵਾਲੇ ਦਿੰਦੇ ਸਨ ਕਿ ਉਹਨਾਂ ਲਿਖਾਰੀਆਂ ਨੇ ਇਹਨਾਂ ਨੂੰ ਸਿੱਖ ਲਿਖਿਆ ਹੈ। ਕਾਮਾ ਗਾਟਾ ਮਾਰੂ ਹਿਸਟੌਰੀਕਲ ਸੁਸਾਇਟੀ ਵਲੋਂ ਡਾਕਟਰ ਹਰੀ ਸ਼ਰਮਾ (ਇਪਾਨਾ ਵਾਲੇ) ਵੀ ਆਖ ਰਹੇ ਸਨ ਕਿ ਮੁਸਾਫਰਾਂ ਦੀ ਗਿਣਤੀ ਨੂੰ ਧਰਮ ਦੇ ਨਾਮ ਤੇ ਜੁਦਾ ਜੁਦਾ ਕਰਕੇ ਲਿਖਿਆ ਤੇ ਦੱਸਿਆ ਜਾਵੇ ਤਾਂ ਇਸ ਨਾਲ ਮਾਣ ਵਧਦਾ ਤੇ ਏਕਤਾ ਵਧਦੀ ਹੈ। ਪਰ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨਜ਼ ਲੋਕਤਾ ਮਾਂਹਵਾਰੀ ਤੇ ਕਾਮਾ ਗਾਟਾ ਮਾਰੂ ਤੇ ਫਾਊਂਡੇਸ਼ਨ ਨਾਲ ਸਹਿਚਾਰੀ ਵਾਲੀਆਂ ਹੋਰ ਜਥੇਬੰਦੀਆਂ ਆਖਦੀਆਂ ਹਨ ਕਿ ਕਾਮਾਗਾਟਾ ਮਾਰੂ ਦੇ 376 ਮੁਸਾਫਰਾਂ ਨੂੰ ਧਰਮਾਂ ਦੇ ਨਾਮ ਉਪਰ ਵੰਡ ਕੇ ਲਿਖਣਾ, ਉਹਨਾਂ ਨਾਲ ਧੱਕਾ ਤੇ ਬੇਇਨਸਾਫੀ ਹੈ, ਕਿਉਂਕਿ ਉਹਨਾਂ ਨੇ ਕਿਤੇ ਨਹੀਂ ਆਖਿਆ ਕਿ ਉਹ ਧਰਮ ਦੇ ਲਈ ਆਏ ਜਾਂ ਧਰਮ ਖਾਤਰ ਮੁੜ ਜਾਂ ਲੜ ਰਹੇ ਹਨ।

ਇਹ ਜਥੇਬੰਦੀਆਂ ਇਹ ਵੀ ਆਖਦੀਆਂ ਹਨ ਕਿ ਉਹਨਾਂ ਮੁਸਾਫਰਾਂ ਦਾ ਪਹਿਲਾਂ ਤਾਂ ਅੰਗਰੇਜ਼ੀ ਸਾਮਰਾਜ ਦੇ ਇਨਸਾਫ ਤੇ ਬੜਾ ਵਿਸਵਾਸ਼ ਸੀ। ਸੋ ਉਸ ਸਮੇਂ ਉਹਨਾਂ ਧਰਮ ਦੀ ਗੱਲ ਹੀ ਨਹੀਂ ਕੀਤੀ। ਦੂਜੇ ਜਦੋਂ ਵਾਪਸ ਗਏ ਤਾਂ ਉਹਨਾਂ ਨੂੰ ਗਿਆਨ ਹੋ ਗਿਆ ਅਤੇ ਨਾਲ ਹੀ ਗਦਰ ਪਾਰਟੀ ਨਾਲ ਸੰਪਰਕ ਹੋ ਗਿਆ। ਗਦਰ ਪਾਰਟੀ ਦਾ ਵਿਧਾਨ ਤੇ ਇਸ਼ਟ ਹੀ ਸੈਕੂਲਰ (ਧਰਮ ਤੋਂ ਨਿਰਲੇਪ ਸੀ ਤੇ ਸਿਆਸੀ ਤੇ ਸਮਾਜਿਕ ਮਸਲਿਆਂ ਤੋਂ ਬਾਹਰ ਰੱਖਣ ਦਾ ਆਦੇਸ਼ ਸੀ। ਸੋ ਉਹਨਾਂ ਨੂੰ ਧਰਮ ਦੇ ਨਾਮ ਤੇ ਵੰਡਣਾ ਕਾਮਾ ਗਾਟਾ ਮਾਰੂ ਦੀ ਸਪਿਰਟ ਦੇ ਵਿਰੁੱਧ ਹੈ ਜਿਵੇਂ ਗਦਰ ਦੀ ਗੂੰਜ ਅੰਕ ਪੰਜ ਵਿੱਚ ਕਰਤਾਰ ਸਿੰਘ ਸ਼ਰਾਭਾ ਦੇ ਸ਼ਬਦ ਹਨ:

ਹਿੰਦ ਵਾਸੀਓ ਰੱਖਣਾ ਯਾਦ ਸਾਨੂ, ਕਿਤੇ ਦਿਲਾਂ ਤੋਂ ਨਾ
ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ।
ਖਾਤਰ ਵਤਨ ਦੇ ਲਗੇ ਹਾਂ ਚੜ੍ਹਨ ਫਾਂਸੀ-----

ਉਹਨਾਂ ਲਿਖਾਰੀਆਂ ਦਾ ਆਪਣਾ ਐਂਗਲ ਹੈ ਤੇ ਕਿਸੇ ਖਾਸ ਨੁਕਤੇ ਤੋਂ ਲਿਖਦੇ ਹਨ। ਅੰਗਰੇਜ਼ੀ ਸਾਮਰਾਜ ਨੇ ਬੜੇ ਚਤੁਰ ਢੰਗ ਨਾਲ ਸਿੱਖ ਤੇ ਹੋਰ ਧਰਮਾਂ ਬਾਰੇ ਕਈ ਕਿਤਾਬਾਂ ਲਿਖਵਾਈਆਂ। ਕੋਈ ਲਿਖਾਈ ਜਾਂ ਲਿਖਤ ਨਿਰੋਲ ਨਿਰਪੱਖ ਨਹੀਂ। ਅੰਗਰੇਜ਼ੀ ਹਾਕਮਾਂ ਨੇ ਆਜ਼ਾਦੀ ਦੀ ਲੜਾਈ ਸਮੇਂ ਸਿੱਖਾਂ ਨੂੰ ਧਾਰਮਿਕ ਤੇ ਖਾੜਕੂ ਜਾਂ ਕੁਰਾਹੀਏ ਸਿੱਖ ਵਿੱਚ ਵੰਡਣ ਦੀ ਕੋਸ਼ਿਸ਼ ਕੀਤੀ। ਆਜ਼ਾਦੀ ਘੁਲਾਟੀਆਂ ਤੇ ਗਦਰੀਆਂ ਵਿਰੁੱਧ ਅਕਾਲ ਤਖਤ ਤੋਂ ਫਤਵੇ ਲੁਆਏ ਠੋਸ ਹਕੀਕਤ ਉਹ ਹੈ ਜੋ ਉਹ ਘੁਲਾਟੀਏ ਆਪ ਆਖਦੇ ਜਾਂ ਕਰਦੇ ਸਨ। ਉਹ ਸੀ ਜੋ ਅਸੀਂ ਉਪਰ ਦੱਸ ਆਏ ਹਾਂ। ਧਰਮ ਨੂੰ ਜੇ ਸਿਰਫ ਨਿਜ ਲਈ ਤੇ ਪਰਾਈਵੇਟ ਮਸਲੇ ਦੇ ਤੌਰ ਤੇ ਆਪਣੀ ਰੂਹ ਲਈ ਕੋਈ ਚਾਹੁੰਦਾ ਹੈ ਤਾਂ ਅਸੀਂ ਉਸ ਦਾ ਸਤਿਕਾਰ ਕਰਦੇ ਹਾਂ। ਪਰ ਜੇ ਦੂਜਿਆਂ ਉਪਰ ਜਬਰਦਸਤੀ ਲੱਦੇ ਤਾਂ ਸਵੀਕਾਰ ਨਹੀਂ। ਜਦੋਂ ਇਹ ਧਾਰਮਿਕ ਵੰਡ ਹੁੰਦੀ ਹੈ ਤਾਂ ਦਖਲ ਅੰਦਾਜ਼ੀ ਹੋ ਜਾਂਦੀ ਹੈ ਜਿਸ ਨਾਲ ਏਕਤਾ ਟੁੱਟਦੀ ਤੇ ਫੁੱਟ ਪੈਂਦੀ ਹੈ। ਅੱਜ ਉਹ ਮੁਸਾਫਰ ਆਪ ਬੋਲ ਕੇ ਨਹੀਂ ਦੱਸ ਸਕਦੇ ਪਰ ਉਹਨਾਂ ਦੇ ਕਰਮਾਂ ਤੋਂ ਭਲੀ ਭਾਂਤ ਪਤਾ ਲਗ ਜਾਂਦਾ ਹੈ ਕਿ ਉਹ ਧਰਮ ਨਿਰਲੇਪ ਸਨ ਅਤੇ ਇਸ ਕੰਮ ਵਿੱਚ ਇਹ ਧਰਮ ਦੇ ਨਾਮ ਤੇ ਵੰਡ ਨਹੀਂ ਚਾਹੁੰਦੇ ਸਨ।

"ਯਾਦ ਸਾਡੀ ਨੂੰ ਤੁਸੱ ਹੀ ਸਾਂਭਣੈ ਤੇ ਸਦਾ ਸਾਡੀ ਰੂਹ ਨੂੰ ਜਿਉਂਦੇ ਰੱਖਦੇ"।
(ਢੁੱਡੀ ਕੇ ਦੇ ਗਦਰੀ ਬਾਬਨੂੰ ਵਿੱਚੋਂ)

ਅੱਜ ਅਮਰੀਕੀ ਸਾਮਰਾਜ ਭਾਰਤ ਨੂੰ ਅਸਥਿਰ ਕਰਨ ਲਈ ਪੰਜਾਬ ਤੇ ਕਸ਼ਮੀਰ ਆਦਿ ਵਿੱਚ ਧਰਮ ਨੂੰ ਵੰਡ ਪਾਉਣ ਲਈ ਵਰਤ ਰਿਹਾ ਹੈ ਅਤੇ ਖਾਲਿਸਤਾਨੀ ਵੱਖਵਾਦੀ ਤੇ ਮੂਲਵਾਦੀ ਭਾਰਤ ਨੂੰ ਧਰਮ ਦੇ ਨਾਮ ਤੇ ਹੀ ਵੰਡ ਕੇ ਅਮਰੀਕੀ ਸੀ. ਆਈ. ਏ. ਦੀ ਖੇਡ (ਭਾਰਤ ਵਿੱਚ) ਖੇਡ ਰਹੇ ਹਨ। ਅੱਜ ਜੋ ਕੁਝ ਧਰਮ ਦੇ ਨਾਮ ਉਪਰ (ਨਿਰਦੋਸ਼ਿਆਂ ਦੇ ਕਤਲ, ਔਰਤਾਂ ਦੀ ਬੇਪਤੀ ਅਤੇ ਦੇਸ਼ ਨੂੰ ਤੋੜਨ ਦੇ ਕੁਕਰਮ) ਜੋ ਹੋ ਰਿਹਾ ਹੈ ਉਸ ਤੋਂ ਵੱਧ ਵੰਡ-ਪਾਊ ਕੀ ਹੋ ਸਕਦਾ ਹੈ। ਕੋਈ ਨਿਜੀ ਤੌਰ ਤੇ ਜਿਸ ਧਰਮ ਵਿੱਚ ਮਰਜ਼ੀ ਵਿਸਵਾਸ਼ ਰੱਖੇ ਅਤੇ ਪਰਾਈਵੇਟ ਜੀਵਨ ਵਿੱਚ ਰੱਖੇ, ਪਰ ਜਦੋਂ ਉਹ ਖਿਆਲ ਦੂਜਿਆਂ ਤੇ ਠੋਸਦਾ ਹੈ ਤੇ ਸਿਆਸਤ ਵਿੱਚ ਦਖਲ ਦਿੰਦਾ ਹੈ ਤਾਂ ਗਲਤ ਹੈ। ਸੋ ਜੋ ਧਰਮ ਨੂੰ ਲੋਕਾਂ ਵਿੱਚ ਵੰਡਾਂ ਪਾਉਣ ਤੇ ਮਜ਼ਦੂਰ ਕਿਸਾਨ ਦੀ ਸਾਂਝੀ ਲਹਿਰ ਨੂੰ ਕਮਜ਼ੋਰ ਕਰਨ ਲਈ ਵਰਤੇ ਤਾਂ ਅਸੀਂ ਡਟ ਕੇ ਵਿਰੋਧ ਕਰਾਂਗੇ, ਨਹੀਂ ਤਾਂ ਲੋਕਾਂ ਦਾ ਨੁਕਸਾਨ ਹੁੰਦਾ ਹੈ ਕਨੇਡਾ ਵਿੱਚ ਵੀ ਜੋ ਕੁਝ ਵੀ ਖਾਲਿਸਤਾਨੀ ਵੱਖਵਾਦੀਆਂ ਨੇ ਧਰਮ ਦੇ ਨਾਮ ਉਪਰ ਡਰਾਉਣ ਧਮਕਾਉਣ ਦਾ ਦੌਰ ਚਲਾਇਆ, ਉਹ ਸਭ ਕਾਕਾ ਗਾਟਾ ਮਾਰੂ ਦੀ ਸਪਿਰਟ ਦੇ ਉਲਟ ਹੈ। ਕਾਕਾ ਗਾਟਾ ਮਾਰੂ ਦਾ ਭਾਰਤੀ ਆਜ਼ਾਦੀ, ਅਖੰਡਤਾ, ਭਰਾਤਰੀ ਭਾਵ ਤੇ ਏਕਤਾ ਲਈ ਅਤੇ ਕਿਸੇ ਵੀ ਲੇਬਲ ਅਧੀਨ ਜਬਰ ਤੇ ਧੱਕਾਸ਼ਾਹੀ ਨੂੰ ਵੰਗਾਰਨ ਤੇ ਹਰਾਉਣ ਦਾ ਚਿੰਨ੍ਹ ਹੈ।

ਉਹਨਾਂ ਮੁਸਾਫਰਾਂ ਦਾ ਭਾਰਤ ਵਿੱਚ ਦਾ ਐਕਸ਼ਨ ਇਹ ਸਾਫ ਦਸਦਾ ਹੈ ਕਿ ਉਹ ਕਿਸੇ ਵੀ ਵੰਡ ਜਾਂ ਲਕੀਰ ਤੋਂ ਉਪਰ ਉਠ ਕੇ ਭਾਰਤ ਦੇ ਸਨ। ਕਾਮਾ ਗਾਟਾ ਮਾਰੂ ਦੇ ਬਚ ਨਿਕਲੇ ਤੇ ਜੇਲ੍ਹਾਂ ਵਿੱਚੋਂ ਰਿਹਾਅ ਹੋਣ ਪਿਛੋਂ ਭਾਰਤੀ ਆਜ਼ਾਦੀ ਦੀ ਲਹਿਰ ਨਾਲ ਜੁੜ ਗਏ। ਕਾਮਾ ਗਾਟਾ ਮਾਰੂ ਦੇ ਬਜ ਬਜ ਘਾਟ ਤੋਂ ਬਚੇ ਮੁਸਾਫਰਾਂ ਦੀ ਬਹੁ ਗਿਣਤੀ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਈ ਜਾਂ ਇਸ ਦੇ ਹਮਦਰਦ ਬਣ ਗਏ। ਤਾਂ ਫਿਰ 376 ਮੁਸਾਫਰਾਂ ਦੇ ਅੱਗੇ (ਬਹੁ-ਗਿਣਤੀ ਦੇ ਠੀਕ ਨੰਬਰ) ਲਿਖ ਕੇ ਉਸ ਅੱਗੇ ਕਮਿਊਨਿਸਟ ਲਿਖਿਆ ਜਾਵੇ ? ਨਹੀਂ, ਅਸੀਂ ਇਉਂ ਵੀ ਵੰਡ ਨਹੀਂ ਚਾਹੁੰਦੇ। ਸਿਰਫ 376 ਮੁਸਾਫਰ।

ਇੱਕ ਇਹ ਵੀ ਕਿ ਕਨੇਡੀਅਨ ਸਰਕਾਰ ਦਾ ਸਿੱਧਾ ਅਟੁੱਟ ਸਫਰ ਦਾ ਕਾਨੂੰਨ ਕਿਸੇ ਧਰਮ ਜਾਤ ਜਾਂ ਫਿਰਕੇ ਵਿਰੁੱਧ ਨਹੀਂ ਸੀ, ਬਲਕਿ ਉਹ ਤਾਂ ਸਿਰਫ ਭਾਰਤਵਾਸੀਆਂ ਦੇ ਵਿਰੁੱਧ ਸੀ। ਉਸ ਕਾਨੂੰਨ ਨੇ ਦੇਸ਼, ਰੰਗ ਆਦਿ ਦੇ ਨਾਮ ਤੇ ਵਿਤਕਰਾ ਕੀਤਾ। ਪਰ ਹੁਣ ਅਸੀਂ ਆਪ ਹੀ ਉਸ ਤੋਂ ਅੱਗੇ ਆਪਸ ਵਿੱਚ ਹੋਰ ਵੰਡ ਨਹੀਂ ਚਾਹੁੰਦੇ, ਜਿਸ ਨਾਲ ਭਾਰਤੀ ਕਮਿਊਨਿਟੀ ਹੋਰ ਕਮਜ਼ੋਰ ਹੋਵੇ। ਭਾਰਤ, ਭਾਰਤ ਲੋਕ ਅਤੇ ਇਹਨਾਂ ਦੀ ਏਕਤਾ ਤੇ ਅਖੰਡਤਾ ਕੋਈ ਭਾਵ-ਵਾਚਕ ਨਹੀਂ, ਬਲਕਿ ਠੋਸ ਹਕੀਕਤ ਹੈ ਅਤੇ ਠੋਸ ਤੌਰ ਤੇ ਹੀ ਕਾਮਾ ਗਾਟਾ ਮਾਰੂ ਦੀ ਸਪਿਰਿਟ ਵਿੱਚ ਕਾਇਮ ਰੱਖਣਾ ਚਾਹੁੰਦੇ ਤੇ ਉਸ ਲਈ ਯਤਨਸ਼ੀਲ ਹਨ।

ਜਦੋਂ 31 ਮਈ, 1914 ਨੂੰ ਬ੍ਰਿਟਿਸ਼ ਕੋਲੰਬੀਆ ਦੇ ਰਹਿਣ ਵਾਲੇ

ਭਾਰਤੀਆਂ ਨੇ ਡੋਮੀਨੀਅਨ ਹਾਲ ਵਿੱਚ ਕਾਮਾ ਗਾਟਾ ਮਾਰੂ ਦੀ ਮੱਦਦ ਲਈ ਮੀਟਿੰਗ ਕੀਤੀ ਤਾਂ ਉਸ ਵਿੱਚ ਵੀ ਭਾਰਤ, ਭਾਰਤੀਆਂ ਨਾਲ ਨਸਲੀ ਵਿਤਕਰਾ ਅਤੇ ਭਰਾਤਰੀ ਭਾਵ ਦੀ ਏਕਤਾ ਤੇ ਹੀ ਜ਼ੋਰ ਦਿੱਤਾ। ਇਹ ਮੀਟਿੰਗ ਉਸ ਸਮੇਂ ਦੀ ਖਾਲਸਾ ਦੀਵਾਨ ਸੁਸਾਇਟੀ ਤੇ ਯੂਨਾਈਟਿਡ ਇੰਡੀਆ ਲੀਗ ਨੇ ਜਥੇਬੰਦ ਕੀਤੀ। ਉਸ ਦੀ ਪ੍ਰਧਾਨਗੀ ਹਸਨ ਰਹੀਮ (ਛਗਨ ਖਰਾਜ ਵਰਮਾ ਅਸਲੀ ਨਾਮ) ਅਤੇ ਸਕੱਤਰ ਦੇ ਫਰਜ਼ ਮੁਨਸ਼ੀ ਰਾਮ ਨੇ ਨਿਭਾਈ ਅਤੇ ਮੁੱਖ ਭਾਸ਼ਨ ਭਾਈ ਬਲਵੰਤ ਸਿੰਘ (ਜਿਹਨਾਂ ਦਾ ਲੜਕਾ ਭਾਈ ਹਰਦਿਆਲ ਸਿੰਘ ਡੰਕਨ ਰਹਿੰਦਾ ਹੈ) ਨੇ ਦਿੱਤਾ। ਉਸ ਵਿੱਚ "ਹਿੰਦੁਸਤਾਨੀਆਂ ਦੇ ਹੱਕਾਂ ਅਤੇ ਉਹਨਾਂ ਦੇ ਕਨੇਡਾ ਵਿੱਚ ਦਾਖਲ ਹੋਣ ਤੇ ਜ਼ੋਰ ਦਿੱਤਾ"।

ਜਿਵੇਂ ਉਪਰ ਆਖਿਆ ਹੈ ਅਸੀਂ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਨਹੀਂ ਮਾਰਦੇ ਤੇ ਨਾ ਹੀ ਚਾਹੁੰਦੇ ਹਾਂ। ਸਮਾਜਵਾਦੀ ਫਲਸਫਾ ਨਫਰਤ ਦੀ ਥਾਂ ਭਰਾਤਰੀ ਭਾਵ ਪ੍ਰਚਾਰਦਾ ਹੈ ਪਰ ਇਹ ਜਮਾਤੀ ਵੰਡ ਤੋਂ ਉਪਜੀ ਲੁੱਟ, ਜਬਰ ਤੇ ਸਮਾਜੀ ਬੇਇਨਸਾਫੀ ਵਿੱਚੋਂ ਪੈਦਾ ਹੁੰਦੀ ਹੈ। ਉਹ ਜਿਹੜੇ ਲੋਟੂ ਦਾ ਪੱਖ ਲੈਂਦੇ ਹਨ, ਉਹ ਨਫਰਤ ਦੇ ਪਾਤਰ ਬਣ ਜਾਂਦੇ ਹਨ। ਅਪਰਾਧੀ ਪ੍ਰਬੰਧ ਨਾਲ ਸਾਡੀ ਕੋਈ ਹਮਦਰਦੀ ਜਾਂ ਸਾਂਝ ਨਹੀਂ। ਅਸੀਂ ਉਸ ਵਿਰੁੱਧ ਘੋਲ ਕਰਨਾ ਹੈ। ਅੱਜ ਵੀ ਨਸਲਵਾਦ ਤੇ ਨਸਲਵਾਦੀ ਵਿਤਕਰਾ ਕਾਇਮ ਹੈ। ਹੁਣ ਸਗੋਂ ਕਈ ਸ਼ੈਤਾਨੀ ਤੇ ਚੁਸਤੀ ਵਾਲੇ ਰੂਪ ਧਾਰਨ ਕਰਕੇ ਜੀਵਨ ਦੇ ਹਰ ਪੱਖ ਵਿੱਚ ਰਚਿਆ ਹੋਇਆ ਹੈ। ਜੇ ਯੂਰਪ ਵਿੱਚੋਂ ਗੈਰ-ਕਾਨੂੰਨੀ ਤੌਰ ਤੇ ਆ ਜਾਣ ਤਾਂ ਕੋਈ ਸੁਰਖੀ ਨਹੀਂ। ਪਰ ਜੇਕਰ ਭਾਰਤ ਵਿੱਚੋਂ ਆ ਜਾਣ ਤਾਂ ਹਫਤਿਆਂ ਬੱਧੀ ਬਦਨਾਮ ਕਰਨ ਵਾਲਾ ਪ੍ਰਚਾਰ ਚਲਦਾ ਹੈ। ਜਿਵੇਂ ਦੋ ਸਾਲ ਪਹਿਲਾਂ ਜਦੋਂ ਯੂਰਪ ਰਾਹੀਂ ਭਾਰਤੀ ਨੋਵਾ ਸ਼ਕੋਸ਼ੀਆ ਦੇ ਤੱਟ ਤੇ ਆਏ। ਇਸੇ ਹੀ ਤਰ੍ਹਾਂ ਤਿੰਨ ਸਾਲ ਪਹਿਲਾਂ ਸ੍ਰੀ ਲੰਕਾ ਤੋਂ ਆਏ ਤਾਮਿਲ ਲੋਕਾਂ ਵਿਰੁੱਧ। ਇਹਨਾਂ ਦੀ ਆੜ ਵਿੱਚ ਰਫਿਊਜੀ ਕਾਨੂੰਨ ਤੇ ਨਿਯਮਾਂ ਨੂੰ ਹੋਰ ਕਰੜੇ ਤੇ ਪੱਖਪਾਤੀ ਤੇ ਵਿਤਕਰੇ ਭਰੇ ਬਣਾਇਆ। ਸੋ ਅੱਜ ਵੀ ਕਾਮਾ ਗਾਟਾ ਮਾਰੂ ਵਾਲਾ ਹੀ ਹਾਲ ਹੈ। ਭਾਵੇਂ ਕਿ ਸ਼ਕਲ ਅਤੇ ਢੰਗ ਵੱਖਰੇ ਹਨ। ਕਈ ਪੱਖਾਂ ਤੇ ਅਸੀਂ ਹੱਕ ਪ੍ਰਾਪਤ ਕੀਤੇ ਹਨ ਤੇ ਗੱਲਾਂ ਵਿੱਚ ਨਸਲਵਾਦ ਨੂੰ ਭਾਂਜ ਦਿੱਤੀ ਹੈ। ਉਹ ਪ੍ਰਾਪਤੀਆਂ ਵੀ ਭਾਰਤੀ ਆਜ਼ਾਦੀ ਕਾਰਨ ਅਤੇ ਨਾਲ ਹੀ ਸਾਡੀ ਗਿਣਤੀ ਅਤੇ ਲੋਕਾਂ ਦੀ ਦਬਾ, ਜਦੋਜਹਿਦ ਅਤੇ ਆਵਾਜ਼ ਲਾਮਬੰਦ ਕਰਨ ਦੇ ਕਾਰਨ ਹੋਈਆਂ ਹਨ। ਸਗੋਂ ਉਹਨਾਂ ਕਈ ਖੇਤਰਾਂ ਵਿੱਚ ਨਸਲੀ ਵਿਤਕਰਾ ਸਾਫ ਦਿਖਾਈ ਦੇਣ ਲਗਾ ਹੈ, ਕਿਉਂਕਿ ਕਾਲੇ ਭੂਰੇ ਰੰਗ ਦੇ ਲੋਕਾਂ ਨੇ ਹੱਕੀ ਲੜਾਈ ਤੇਜ਼ ਕੀਤੀ ਅਤੇ ਉਸ ਨੂੰ ਨੰਗਿਆਂ ਕਰ ਦਿੱਤਾ ਹੈ। ਅਜੇ ਵੀ ਕਈ ਹਿੱਸਿਆਂ ਵਿੱਚ ਲੁਕਵੇਂ ਤੌਰ ਤੇ ਵਿਤਕਰਾ ਹੈ। ਅੱਜ ਸਾਡੇ ਚੰਗੇ ਹਾਂ-ਪੱਖੀ ਵਿਰਸੇ, ਸਵੈ ਹੋਂਦ, ਚੰਗੇ ਲੋਕ-ਹਿਤ ਸਭਿਆਚਾਰ ਤੇ ਚੰਗੀਆਂ ਕਦਰਾਂ ਕੀਮਤਾਂ ਨੂੰ ਖਤਰਾ ਹੈ — ਇਹ ਢਾਂਚਾ ਅਤੇ ਇਸ ਦੇ ਸਿਧਾਂਤਕਾਰ ਭਾਵੇਂ ਬਹੁਤ ਸਭਿਆਚਾਰ ਦੇ ਨਾਹਰੇ ਲਾਉਂਦੇ ਹਨ ਪਰ ਦੂਜੇ ਪਾਸੇ ਨੀਤੀਆਂ ਹਨ ਘੱਟ-ਗਿਣਤੀਆਂ ਨੂੰ ਹਜ਼ਮ ਕਰਨ ਦੀਆਂ। ਉਹ ਚਾਹੁੰਦੇ ਹਨ ਕਿ ਅਸੀਂ ਤੇ ਸਾਡੇ ਬੱਚੇ ਇਹਨਾਂ ਵਿੱਚ ਬਿਲਕੁਲ ਰਚ-ਮਿਚ ਜਾਣ। ਤਾਂ ਉਪਰ ਦੱਸਿਆ ਆਪਾ ਤੇ ਹੋਂਦ ਖਤਮ ਕਰ ਦੇਣ। ਸਗੋਂ ਕਈ ਸੇਵਾਵਾਂ ਵੀ ਦੂਜੇ ਦਰਜੇ ਦੀਆਂ ਦਿੱਤੀਆਂ ਜਾਂਦੀਆਂ ਹਨ। ਬੰਦਿਆਂ ਦੇ ਨਾਵਾਂ ਤੋਂ ਲੈ ਕੇ ਸੋਚਣੀ ਤੱਕ ਨੂੰ ਸਰਮਾਏਦਾਰੀ ਸੋਚਣੀ ਤੇ ਫਲਸਫੇ ਵਿੱਚ ਢਾਲਣ ਦੇ ਯਤਨ ਕਰਦੇ ਹਨ ਪਰ ਨਾਲ ਹੀ ਸਵੀਕਾਰ ਵੀ ਨਹੀਂ ਕਰਦੇ। ਇਸ ਸਭ ਚਾਲਾਂ ਤੇ ਢੰਗਾਂ ਨੂੰ ਭਾਂਜ ਦੇਣ ਲਈ, ਇਹਨਾਂ ਸਭ ਚਾਲਾਂ ਤੇ ਢੰਗਾਂ ਨੂੰ ਹਰਾਉਣ ਲਈ ਕਾਮਾ ਗਾਟਾ ਮਾਰੂ ਵਾਲੀ ਅਣਥੱਕ ਜੁਝਾਰੂ, ਸੈਕੂਲਰ, ਭਰਾਤਰੀ ਭਾਵ ਤੇ ਏਕਤਾ ਵਾਲੀ ਸਪਿਰਿਟ ਦੀ ਲੋੜ ਹੈ। ਉਸ ਤੋਂ ਸਬਕ ਲੈਂਦੇ ਤੇ ਉਤਸ਼ਾਹ ਪ੍ਰਾਪਤ ਕਰਦੇ ਹੋਏ ਆਪਣੀ ਹੋਂ ਲਈ ਭਰਾਤਰੀ ਭਾਵ ਨਾਲ ਯਤਨਸ਼ੀਲ ਹੋਣ ਦੀ ਲੋੜ ਹੈ। ਕਾਮਾ ਗਾਟਾ ਮਾਰੂ ਆਖ ਰਿਹਾ ਕਿ ਭਾਰਤੀ ਆਜ਼ਾਦੀ ਤੇ ਭਾਰਤੀ ਅਖੰਡਤਾ ਲਈ ਡਟੋ ਤੇ ਸਾਮਰਾਜੀ ਚਾਲਾਂ ਨੂੰ ਫੇਲ੍ਹ ਕਰੋ।

ਕਾਮਾ ਗਾਟਾ ਮਾਰੂ ਦੀ 75ਵੀਂ ਬਰਸੀ, ਉਹਨਾਂ ਦੀ ਦੇਸ਼ ਤੇ ਲੋਕ ਹਿੱਤ ਕੁਰਬਾਨੀ ਅਤੇ ਸਾਮਰਾਜੀਆਂ ਤੇ ਲੋਟੂਆਂ ਦੀਆਂ ਚਾਲਾਂ ਨਾਲ ਟੱਕਰ ਲੈਣ ਦੇ ਸਬਕ ਦਿੰਦੀ ਹੈ। ਇਹ ਸਾਡਾ ਅਨਮੋਲ ਵਿਰਸਾ ਹੈ। ਇਸ ਕਨੇਡਾ ਦੇ ਨਸਲਵਾਦ ਨੂੰ ਬੁਰੀ ਤਰ੍ਹਾਂ ਨੰਗਾ ਕੀਤਾ। ਨਸਲਵਾਦ ਲੁੱਟ ਤੇ ਬੇਇਨਸਾਫੀ ਅੱਜ ਵੀ ਕਾਇਮ ਹੈ, ਕਮਿਊਨਿਟੀ ਸਾਹਮਣੇ ਬਹੁਤ ਮਸਲੇ ਦਰ ਪੇਸ਼ ਹਨ। ਜਦੋਂ ਧਰਮ ਦੇ ਨਾਮ ਤੇ ਲੋਕਾਂ ਨੂੰ ਚੰਗੇ ਕੰਮ ਲਈ ਅਪੀਲ ਕੀਤੀ ਜਾਂਦੀ ਹੈ ਤਾਂ ਵੀ ਅਗਾਂਹ-ਵਧੂ ਲਹਿਰ ਨੂੰ ਇਸ ਗੱਲ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਇਹ ਅਪੀਲ ਇੱਕ ਧਰਮ ਜਾਂ ਫਿਰਕੇ ਦੇ ਨਾਮ ਤੇ ਹੈ। (ਭਾਵੇਂ ਕਿ ਅਸੀਂ ਚੰਗੇ ਕੰਮ ਜਾਂ ਅਪੀਲੀ ਦੀ ਸ਼ਲਾਘਾ ਕਰਦੇ) ਉਹ ਅਪੀਲ ਧਰਮ ਜਾਂ ਨਸਲ ਦੇ ਨਾਮ ਤੇ ਹੋਣ ਕਰਕੇ ਹੋਰ ਧਰਮਾਂ ਜਾਂ ਨਸਲ ਜਾਂ ਕੌਮੀਅਤਾਂ ਨੂੰ ਇਕੱਠਾ ਨਹੀਂ ਕਰਦੀ। ਉਹ ਗੱਲ ਅੰਤਮ ਤੌਰ ਤੇ ਜਨ-ਸਮੂਹ ਤੋਂ ਜੁਦਾ ਕਰਕੇ ਇੱਕ ਆਪਣੇ ਲੇਬਲ ਹੇਠ ਚਾਹੁੰਦੀ ਹੈ। ਇਸ ਲਈ ਚੰਗੇ ਕੰਮ ਜਾਂ ਅਪੀਲ ਨੂੰ ਸਮਝਦੇ ਹੋਏ ਭੀ ਇਸ ਖਤਰੇ ਤੋਂ ਚੇਤਨ ਰਹਿਣਾ ਅਤੇ ਇਹਨਾਂ ਰੁਝਾਨਾਂ ਵਿਰੁੱਧ ਸਾਵਧਾਨ ਰਹਿਣਾ ਜ਼ਰੂਰੀ ਹੈ, ਨਹੀਂ ਤਾਂ ਮਜ਼ਦੂਰ ਕਿਸਾਨ ਦੀ ਲਹਿਰ ਵਿੱਚ ਭੁਲੇਖੇ ਪੈਦਾ ਹੋ ਸਕਦੇ ਹਨ। ਕਾਮਾ ਗਾਟਾ ਮਾਰੂ ਦੇ ਕਿਸੇ ਵੀ ਵੰਡ ਤੋਂ ਨਿਰਲੇਪ ਤੇ ਇੱਕਮੁੱਠਤਾ ਦੇ ਵਿਰਸੇ ਨੂੰ ਪ੍ਰਬੰਧ ਤੇ ਸਮਾਜ ਦੀਆਂ ਬੇਇਨਸਾਫੀਆਂ ਦੇ ਵਿਰੁੱਧ, ਕਮਿਊਨਿਟੀ ਅੱਗੇ ਦਰ-ਪੇਸ਼ ਮਸਲਿਆਂ ਦੇ ਹੱਲ ਕੌਮਾਂ ਭਾਰਤ ਦੀ ਆਜ਼ਾਦੀ, ਅਖੰਡਤਾ ਅਤੇ ਭਰਾਤਰੀ ਭਾਵ ਨੂੰ ਕਾਇਮ ਰੱਖਣਾ ਹੈ।

(ਸਫਾ 29 ਦੀ ਬਾਕੀ)

ਅਖੰਡਤਾ ਅਤੇ ਭਰਾਤਰੀ ਭਾਵ ਲਈ ਲੜੇ। ਪਰ ਇਹ ਦੁਖਦਾਈ ਗੱਲ ਹੈ ਕਿ ਅਜੇ ਉਹਨਾਂ ਸਾਥੀਆਂ ਤੇ ਯੋਧਿਆਂ ਦੀਆਂ ਪਾਈਆਂ ਪਿਰਤਾਂ ਨੂੰ ਮਲੀਆਮੇਟ ਕਰਨ ਲਈ ਇਹ ਅਤਿਵਾਦੀ ਵੱਖਵਾਦੀ ਤੁਰੇ ਹੋਏ ਹਨ। ਆਓ ਉਹਨਾਂ ਦੀ ਉਚੀ ਸੁੱਚੀ ਜੀਵਨ ਜਾਂਚ ਨੂੰ ਧਾਰਨ ਕਰੀਏ ਤੇ ਲੋਕ ਹਿੱਤਾਂ ਤੇ ਦੇਸ਼ ਅਖੰਡਤਾ ਲਈ ਤੇ ਨਸਲਵਾਦ ਵਿਰੁੱਧ ਡਟੀਏ। ਆਖਰ ਵਿੱਚ ਉਹਨਾਂ ਨੇ ਧੰਨਵਾਦ ਕਰਕੇ ਮੀਟਿੰਗ ਬਰਖਾਸਤ ਕੀਤੀ।

# ਸਾਥੀ ਹਰਦੇਵ ਰਾਏ ਨੂੰ ਭਾਰੀ ਸਦਮਾ

ਅਸੀਂ ਬੜੇ ਦੁੱਖ ਨਾਲ ਇਹ ਖਬਰ ਦੇ ਰਹੇ ਹਾਂ ਕਿ ਸਾਥੀ ਹਰਦੇਵ ਰਾਏ ਦੇ ਭਰਾਵਾਂ ਵਰਗੇ ਚਚੇਰੇ ਪਾਈ ਚਰਨ ਸਿੰਘ ਬੋਪਾਰਾਏ ਦੀ ਅਚਾਨਕ ਮੌਤ ਹੋ ਗਏ। ਸਾਥੀ ਚਰਨ ਸਿੰਘ ਸੀ. ਪੀ. ਐਮ. ਦੇ ਮੈਂਬਰ ਅਤੇ ਜਗਰਾਉਂ ਤਹਿਸੀਲ ਦੀ ਨੌਜਵਾਨ ਸਭਾ ਦੇ ਪ੍ਰਧਾਨ ਰਹੇ ਹਨ। ਆਪ ਸੀ. ਪੀ. ਐਮ. ਦੇ ਸਰਗਰਮ ਮੈਂਬਰ ਸਨ। ਆਪ ਦੱਬੇ ਕੁਚਲੇ ਲੋਕਾਂ ਦੇ ਹਿਤੂ ਸਨ ਅਤੇ ਮਜ਼ਦੂਰ ਕਿਸਾਨ ਦੇ ਘੋਲਾਂ ਵਿੱਚ ਹਿਸਾ ਪਾਉਂਦੇ ਸਨ। ਆਪ ਪਿੰਡ ਬੋਪਾਰਾਏ ਜ਼ਿਲਾ ਲੁਧਿਆਣਾ ਦੇ ਰਹਿਣ ਵਾਲੇ ਸਨ।

ਆਪ 35 ਸਾਲ ਦੀ ਉਮਰ ਦੇ ਸਲ। ਸਾਥੀ ਚਰਨ ਸਿੰਘ ਉਸ ਦੀ ਪਤਨੀ ਹਰਮਿੰਦਰ ਕੌਰ ਅਤੇ ਕੱਚਿਆਂ ਨੂੰ ਅਰਜਨਟਾਈਨਾਂ ਦੀ ਇਮੀਗਰੇਸ਼ਨ ਦੇ ਵੀਜ਼ੇ ਮਿਲ ਚੁੱਕੇ ਸਨ। ਪਰ ਅਰਜਨਟਾਈਨਾਂ ਇੱਕ ਹਫਤਾ ਪਹਿਲਾਂ ਸਾਥੀ ਦੀ ਦੁਖਦਾਇਕ ਮਿਰਤੂ ਹੋ ਗਈ। ਆਪ ਦੇ ਪਿਤਾ ਜੀ (ਸਾਥੀ ਹਰਦੇਵ ਰਾਏ ਤੇ ਚਾਚਾ ਜੀ) ਸਰਦਾਰ ਜੀਵਾ ਸਿੰਘ ਤੇ ਉਹਨਾਂ ਦਾ ਦੂਜਾ ਲੜਕਾ ਅਰਜਨਟੀਨਾ ਵਿੱਚ ਪੱਕੇ ਤੌਰ ਤੇ ਰਹਿੰਦੇ ਹਨ ਅਤੇ ਬੜੇ ਖੁਸ਼ਹਾਲ ਹਨ। ਭਾਰਤ ਵਿੱਚ ਰਹਿੰਦੇ ਸਮੇਂ ਸ੍ਰ. ਖੀਵਾ ਸਿੰਘ ਵੀ ਪਾਰਟੀ ਦੇ ਮੈਂਬਰ ਅਤੇ ਪੇਪਸ— ਦੀ ਟੀਚਰ ਯੂਨੀਅਨ ਦੇ ਸਰਗਰਮ ਕਾਰਕੁੰਨ ਸਨ।

ਪਾਰਟੀ ਲੋਕਤਾ ਅਤਾਰਾ ਅਤੇ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਉਹਨਾਂ ਦੀ ਪਤਨੀ ਹਰਮਿੰਦਰ ਬੋਪਾਰਾਏ ਦੇ ਪਿਤਾ ਜੀਵਾ ਸਿੰਘ, ਉਹਨਾਂ ਭਾਈ ਅਤੇ ਸਾਥੀ ਹਰਦੇਵ ਰਾਏ ਨਾਲ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਉਹਨਾਂ ਦੇ ਸੋਗ ਵਿੱਚ ਸ਼ਾਮਲ ਹੁੰਦੇ ਹਨ। ਆਪਦੇ ਚਚੇਰੇ ਭਾਈ ਦੀ ਯਾਦ ਵਿੱਚ ਸਾਥੀ ਹਰਦੇਵ ਰਾਏ ਨੇ ਪਾਰਟੀ ਲੋਕ ਲਹਿਰ, ਲੋਕਤਾ, ਲੁਧਿਅਣਾ ਪਾਰਟੀ ਤੇ ਬੋਪਾਰਾਏ ਦੀ ਪਾਰਟੀ ਸ਼ਾਖਾ ਨੂੰ 200 ਡਾਲਰ ਦਿੱਤੇ ਹਨ। ਸਾਰੇ ਆਦਾਰੇ ਉਹਨਾਂ ਦੇ ਧੰਨਵਾਦੀ ਹਨ।

# ਸੂਬਿਆਂ ਦੇ ਅਧਿਕਾਰ ਖੇਤਰਾਂ ਉਤੇ ਰਾਜੀਵ ਸਰਕਾਰ ਦੇ ਨਵੇਂ ਹਮਲੇ

ਸ਼ਹਿਰੀ ਇਲਾਕਿਆਂ ਵਿਚ ਸਥਾਨੀ ਸਵੈ-ਸ਼ਾਸਕ ਸਰਕਾਰਾਂ ਬਾਰੇ ਨਵਾਂ ਪ੍ਰਸਤਾਵਿਤ ਸੰਵਿਧਾਨਕ ਸੋਧ ਬਿਲ ਵਿਕੇਂਦਰੀਕਰਨ ਦੇ ਬਹਾਨੇ ਸੂਬਿਆਂ ਦੇ ਅਧਿਕਾਰਾਂ ਉਤੇ ਇਕ ਹੋਰ ਹਮਲਾ ਹੈ । ਇਹ ਗਲ ਉਲਟ ਜਾਪਦੀ ਹੋ ਸਕਦੀ ਹੈ ਪਰ ਰਾਜੀਵ ਸਰਕਾਰ ਦਾ ਇਹ ਕੰਮ ਢੰਗ ਹੈ—ਲੋਕਾਂ ਨਾਲ ਇਕ ਗਲ ਦਾ ਵਾਅਦਾ ਕਰਨਾ ਪਰ ਅਮਲ ਵਿਚ ਬਿਲਕੁਲ ਉਲਟ ਕਰਨਾ ।

ਦੋਹਾਂ ਨਵੇਂ ਢੰਗ ਤਰੀਕਿਆਂ ਪੰਚਾਇਤੀ ਰਾਜ ਬਿਲ ਤੇ ਨਵੇਂ ਬਿਲ ਦਾ ਮੂਲ ਤੱਤ ਵਿਕੇਂਦਰੀਕਰਨ ਹੈ ਜਿਹੜਾ ਕਿ ਸੂਬਿਆਂ ਦੀ ਕੀਮਤ ਉੱਤੇ ਕੀਤਾ ਜਾਵੇਗਾ, ਅਤੇ ਵਿਕੇਂਦਰੀਕਰਨ ਕੀਤੀ ਪ੍ਰਣਾਲੀ ਦਾ ਕੰਮ ਢੰਗ ਪੂਰੀ ਤਰਾਂ ਕੇਂਦਰ ਦੀ ਸਰਪ੍ਰਸਤੀ ਅਤੇ ਵਿਤੀ ਸਹਾਇਤਾ ਉਤੇ ਨਿਰਭਰ ਬਣਾ ਦਿਤਾ ਜਾਵੇਗਾ । ਸਥਾਨੀ ਅਧਿਕਾਰੀਆਂ ਨੂੰ ਵਧ ਤਾਕਤਾਂ ਅਤੇ ਲੋਕਾਂ ਨੂੰ ਵਧ ਤਾਕਤਾਂ ਦੇ ਵਾਅਦੇ ਚੋਣ ਜਿੱਤਣ ਲਈ ਚਲਾਈ ਜਾ ਰਹੀ ਮੁਹਿੰਮ ਦਾ ਹਿੱਸਾ ਹੀ ਹਨ ਜਿਹੜੀ ਕਿ ਪਿਛਲੀਆਂ ਚੋਣਾਂ ਵਿਚ ਇਸ ਦੀ ਬੇਮਿਸਾਲ ਜਿੱਤ ਪਿਛੋਂ ਹੁਕਮਰਾਨ ਪਾਰਟੀ ਦੇ ਹੱਥਾਂ ਵਿਚੋਂ ਖਿਰਦੀ ਜਾ ਰਹੀ ਹੈ ।

ਕੇਂਦਰੀਕਰਨ ਸੂਬਿਆਂ ਦੇ ਅਧਿਕਾਰਾਂ ਉਤੇ ਛਾਪੇ ਮਾਰਨ ਲਈ ਹੁਕਮਰਾਨ ਪਾਰਟੀ ਦੀ ਰਾਜਨੀਤਨ ਲੋੜ ਹੈ ਕਿਉਂਕਿ ਇਸ ਸਮੇਂ ਜਿਆਦਾਤਰ ਸੂਬਾ ਸਰਕਾਰਾਂ ਗੈਰ ਕਾਂਗਰਸੀ ਪਾਰਟੀਆਂ ਜਾਂ ਖੱਬੇ ਮੋਰਚਿਆਂ ਦੇ ਹੱਥਾਂ ਵਿਚ ਹਨ । ਇਸ ਤੱਥ ਕਿ ਪ੍ਰਸਤਾਵਿਤ ਬਿਲ ਦੀਆਂ ਵਿਵਸਥਾਵਾਂ ਉਤੇ ਵਿਚਾਰ ਵਿਟਾਂਦਰਾ ਕਰਨ ਲਈ ਮੁਖ ਮੰਤਰੀਆਂ ਦੀ ਸੱਦੀ ਗਈ ਕਾਨਫਰੰਸ ਦਾ ਲਗਭਗ ਸਾਰੇ ਵਿਰੋਧੀ ਮੁਖ ਮੰਤਰੀਆਂ ਨੇ ਬਾਈਕਾਟ ਕੀਤਾ, ਤੋਂ ਇਸ ਤੱਥ ਵੱਲ ਧਿਆਨ ਕੇਂਦਰਤ ਹੁੰਦਾ ਹੈ ਕਿ ਇਸ ਨਵੀਂ ਵਿਵਸਥਾ ਰਾਹੀਂ ਕੇਂਦਰ ਵਲੋਂ ਸੂਬਿਆਂ ਦੇ ਅਧਿਕਾਰਾਂ ਉਤੇ ਖੁਲ੍ਹਮਖੁਲ੍ਹਾ ਡ ਪਾ ਮਾਰਿਆ ਜਾ ਰਿਹਾ ਹੈ ।

ਜੇਕਰ ਇਹ ਦੋਨੋਂ ਬਿਲ ਕਾਨੂੰਨ ਦਾ ਰੂਪ ਧਾਰਨ ਕਰ ਗਏ ਤਾਂ ਇਸ ਨਾਲ ਖੇਰੂ ਖੇਰੂ ਹੋਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ ਤੇ ਸੂਬਾ ਸਰਕਾਰਾਂ ਬੇਵੱਸ ਹੋ ਕੇ ਚੁਪ ਚਾਪ ਤਮਾਸ਼ਾ ਦੇਖਣ ਤਕ ਅਧਿਕਾਰ ਰਹਿਤ ਹੋ ਜਾਣਗੀਆਂ ਇਸ ਤਰਾਂ ਕੇਂਦਰ ਵਲੋਂ ਇਕ ਸਮਾਨਾਂਤਰ ਅਥਾਰਟੀ ਪੈਦਾ ਕਰਨ ਦੀ ਜਾਣ ਬੁਝਕੇ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਹ ਵਿਚਾਰ ਕਾਨਫਰੰਸ ਵਿਚ ਉੱਤਰ ਪ੍ਰਦੇਸ਼ ਦੇ ਮੁਖ ਮੰਤਰੀ ਸ੍ਰੀ ਨਰਾਇਣ ਦੱਤ ਤਿਵਾੜੀ ਨੇ ਪੇਸ਼ ਕੀਤਾ ਜਦੋਂ ਉਸ ਨੇ ਕਿਹਾ ਕਿ ਸਵੈ- ਸ਼ਾਸਕ ਸਰਕਾਰ ਇਕਾਈਆਂ ਨੂੰ ਫੈਡਰਲ ਢਾਂਚੇ ਵਿਚ ਸਰਕਾਰ ਦੇ ਤੀਸਰੇ ਪੱਧਰ ਵਜੋਂ ਸਮਝਿਆ ਜਾਣਾ ਚਾਹੀਦਾ ਹੈ ਅਤੇ ਇਹਨਾਂ ਨੂੰ ਸੂਬਿਆਂ ਦੇ ਅਧਿਕਾਰਾਂ ਅਤੇ ਪ੍ਰੋਗਰਾਮਾਂ ਨੂੰ ਅਮਲ ਵਿਚ ਲਿਆਉਣ ਲਈ ਪੂਰੀ ਤਰਾਂ ਵਰਤਿਆ ਜਾਣਾ ਚਾਹੀਦਾ ਹੈ ।

ਇਸ ਵਿਚ ਰਤੀ ਭਰ ਵੀ ਸ਼ੱਕ ਨਹੀਂ ਕਿ ਇਕ ਜਿਉਂਦੀ ਜਾਗਦੀ ਜਮਹੂਰੀਅਤ ਜਿਥੇ ਜਨ-ਸਮੂਹ ਰਾਜ ਦੇ ਅਸਲ ਕੰਟਰੋਲ ਵਿਚ ਹਨ, ਉਥੇ ਸਥਾਨੀ ਸਵੈ-ਸ਼ਾਸਕ ਸਰਕਾਰਾਂ ਨੇ ਮਹੱਤਵਪੂਰਨ ਰੋਲ ਅਦਾ ਕਰਨਾ ਹੁੰਦਾ ਹੈ । ਅਜਿਹੇ ਰਾਜ ਤਹਿਤ ਇਹ ਅਜਿਹਾ ਰੋਲ ਨਿਭਾਉਣ ਦੇ ਯੋਗ ਹਨ ਕਿਉਂਕਿ ਸਭ ਤੋਂ ਪਹਿਲਾਂ ਕੇਂਦਰ ਪੱਧਰ ਤੇ ਅਧਿਕਾਰਾਂ, ਸਰਪ੍ਰਸਤੀ ਅਤੇ ਵਿਤ ਦਾ ਬਹੁਤ ਜਿਆਦਾ ਕੇਂਦਰੀਕਰਨ ਖਤਮ ਕਰ ਦਿਤਾ ਜਾਂਦਾ ਹੈ । ਇਹਨਾਂ ਤਾਕਤ ਦਾ ਇਕ ਵਡਾ ਹਿਸਾ ਜਿਹੜਾ ਕਿ ਰਾਜ ਦੀ ਰਖਿਆ ਅਤੇ ਯੋਗਤਾ ਦੇ ਹਿੱਤਾਂ ਵਿਚ ਹੁੰਦਾ ਹੈ ਉਹ ਸੂਬਿਆਂ ਵਰਗੇ ਦੂਸਰੇ ਪੱਧਰ ਦੇ ਦਿਤਾ ਜਾਂਦਾ ਹੈ ਅਤੇ ਸੂਬੇ ਆਪਣੀਆਂ ਤਾਕਤਾਂ ਦਾ ਇਕ ਵੱਡਾ ਹਿੱਸਾ ਲੋਕਲ ਬਾਡੀਜ਼ ਨੂੰ ਦੇ ਦਿੰਦੇ ਹਨ ।

ਕੇਂਦਰ ਵਲੋਂ ਆਪਣੀਆਂ ਕੇਂਦਰੀਕਰਨ ਕੀਤੀਆਂ ਤਾਕਤਾਂ ਨੂੰ ਛਡੇ ਬਗੈਰ ਲੋਕਲ ਬਾਡੀਜ ਨੂੰ ਜਿਆਦਾ ਤਾਕਤਾਂ ਦੇਣ ਅਤੇ ਵਿਕੇਂਦਰੀਕਰਨ ਦੀ ਗਲ ਕਰਨਾ ਬੇਅਰਥ ਤੇ ਸ਼ੇਖਣਬਾਜੀ ਵਾਲੀ ਗਲ ਹੈ । ਵਿਕੇਂਦਰੀਕਰਨ ਦਾ ਵਰਤਮਾਨ ਸੁਝਾਇਆ ਗਿਆ ਢੰਗ ਸੂਬਿਆਂ ਦੀਆਂ ਵਰਤਮਾਨ ਤਾਕਤਾਂ ਉਤੇ ਹੀ ਇਕ ਹਮਲਾ ਹੈ ਅਤੇ ਇਸ ਨਾਲ ਲੋਕਲ ਬਾਡੀਜ ਪੂਰੀ ਤਰਾਂ ਕੇਂਦਰ ਸਰਕਾਰ ਦੇ ਰਹਿਮ ਤੇ ਹੋ ਜਾਣਗੀਆਂ । ਅਸਲ ਮਨੋਰਥ ਲੋਕਲ ਬਾਡੀਜ਼ ਨੂੰ ਸੂਬੇ ਦੀ ਨਿਗਰਾਨੀ, ਕੰਟਰੋਲ ਅਤੇ ਮੋਨੀਟੋਰਿੰਗ ਤੋਂ ਪੂਰੀ ਤਰਾਂ ਅਜਾਦ ਕਰਨਾ ਹੈ । ਉਹਨਾਂ ਨੂੰ ਵਿਤੀ ਸਾਧਨਾਂ ਅਤੇ ਦੂਸਰੀਆਂ ਤਾਕਤਾਂ ਨਾਲ ਲੈਸ ਕੀਤਾ ਜਾਵੇਗਾ ਤਾਂ ਜੋ ਉਹ ਸੂਬੇ ਦੇ ਅਰਗਦਰਸ਼ਨ ਅਤੇ ਕੰਟਰੋਲ ਦੀ ਕੋਈ ਪ੍ਰਵਾਹ ਨਾ ਕਰਨ ਤੇ ਸਿਰਫ ਕੇਂਦਰ ਉਤੇ ਹੀ ਨਿਰਭਰ


## ਸਿੰਘ ਫੂਡਜ਼

ਹਰੀਆਂ ਤਾਜ਼ੀਆਂ ਸਬਜ਼ੀਆਂ ਹਫਤੇ ਦੇ ਸੱਤੇ ਦਿਨ ਮਿਲਦੀਆਂ ਹਨ

ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੋਸਰੀ ਖ਼੍ਰੀਦਣ ਤੇ ਸਪੈਸ਼ਲ ਡਿਸਕਾਊਂਟ ਹੋਵੇਗਾ

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਫ਼ੋਨ : 327-4911

SINGH FOODS

6684 ਮੇਨ ਸਟਰੀਟ, (51 ਐਵੇਨਿਊ) ਵੈਨਕੂਵਰ, ਬੀ. ਸੀ.

ਰਹਿਣ ।

ਇਹ ਸੱਚ ਹੈ ਕਿ ਸੁਤੰਤਰਤਾ ਪਿਛੋਂ ਦੇ ਸਾਲਾਂ ਦੌਰਾਨ ਸ਼ਹਿਰੀ ਸਵੈ-ਸਾਸ਼ਕ ਸਰਕਾਰ ਦੇ ਅੰਗ ਮਿਉਂਸਪੈਲਟੀਆਂ, ਮਿਉਂਸਪਲ ਕਾਰਪੋਰੇਸ਼ਨਾਂ ਪੂਰੀ ਤਰਾਂ ਠੁਸ ਹੋ ਕੇ ਰਹਿ ਗਈਆਂ ਹਨ ਅਤੇ ਇਹਨਾਂ ਵਿਚ ਭਰਿਸ਼ਟਾਚਾਰ ਦਾ ਪੂਰੀ ਤਰਾਂ ਬੋਲ-ਬਾਲਾ ਹੈ ਜਦੋਂ ਕਿ ਸਾਧਨਾਂ ਦੀ ਇਹਨਾਂ ਨੂੰ ਭਾਰੀ ਕਿਲਤ ਹੈ। ਇਹਨਾਂ ਸੰਸਥਾਵਾਂ ਦੀ ਸਭ ਤੋਂ ਭੈੜੀ ਹਾਲਤ ਉਹਨਾਂ ਸੂਬਿਆਂ ਵਿਚ ਹੈ ਜਿਥੇ ਕਾਂਗਰਸ (ਆਈ) ਦੀਆਂ ਹਕੂਮਤਾਂ ਹਨ ਅਤੇ ਜਿਥੇ ਕਿ ਹਰੇਕ ਗਲ ਕਾਂਗਰਸ (ਆਈ) ਦੀ ਧੜੇਬੰਦਕ ਲੜਾਈਆਂ ਅਤੇ ਭਰਿਸ਼ਟਾਚਾਰ ਦਾ ਸ਼ਿਕਾਰ ਹੈ। ਇਕ ਪਾਰਟੀ ਜਿਹੜੀ ਕਿ ਫੈਸਲਾਕੁੰਨ ਬਹੁ ਮੱਤ ਦੇ ਬਾਵਜੂਦ ਸੂਬਾ ਵਿਧਾਨ ਸਭਾਵਾਂ ਵਿਚ ਆਪਣੀਆਂ ਹੀ ਸਰਕਾਰ ਨੂੰ ਕਾਇਮ ਨਹੀਂ ਰੱਖ ਸਕਦੀ, ਲੋਕਲ ਸੈਲਫ ਗੋਮੇਂਟ ਬਾਡੀਜ਼ ਦੇ ਕੰਮਢੰਗ ਦੀ ਕਿਵੇਂ ਰਾਖੀ ਕਰ ਸਕੇਗੀ ?

ਪਰ ਕਾਂਗਰਸ (ਆਈ) ਅਧੀਨ ਇਹ ਅਸਲ ਵਿਚ ਸਿਰਫ ਲੋਕਲ ਸੈਲਫ-ਗੋਮੇਂਟ ਹੀ ਨਹੀਂ ਜਿਹੜੀ ਕਿ ਠੁੱਸ ਹੋਕੇ ਰਹਿ ਗਈ ਹੈ ਸਗੋਂ ਸਮੁਚਾ ਜਮਹੂਰੀ ਢਾਂਚਾ ਪਾਰਲੀਮਾਨੀ ਵਰਤਾਓ ਦੇ ਢੰਗ-ਤਰੀਕੇ ਜਿਹਨਾਂ ਵਿਚ ਜ਼ਾਬਤਾ, ਸਪੀਕਰ ਦਾ ਰੋਲ ਅਤੇ ਪਾਰਲੀਮਾਨੀ ਕਮੇਟੀਆਂ ਦਾ ਰੋਲ ਵੀ ਸ਼ਾਮਲ ਹੈ ਅਤੇ ਸਰਕਾਰ ਦੀ ਸਮੂਹਕ ਜ਼ੁਮੇਂ-ਵਾਰੀ—ਗੱਲ ਕੀ ਹਰ ਗੱਲ ਠੁੱਸ ਹੋ ਕੇ ਰਹਿ ਗਈ ਹੈ। ਜਦੋਂ ਉਹੀ ਜਿਹੜੇ ਇਸ ਸਾਰੇ ਮਾਮਲੇ ਲਈ ਜੁਮੇਂਵਾਰ ਹਨ, ਅਤੇ ਸੰਵਿਧਾਨ ਤੇ ਪਾਰਲੀਮਾਨੀ ਪ੍ਰਣਾਲੀ ਦੇ ਠੁੱਸ ਹੋਣ ਲਈ ਜੁਮੇਂਵਾਰ ਹਨ, ਲੋਕਲ ਸੈਲਫ ਗੋਮੇਂਟ ਨੂੰ ਮੁੜ ਸੁਰਜੀਤ ਕਰਨ ਦਾ ਬਹਾਨਾ ਕਰਦੇ ਹਨ ਤਾਂ ਇਹ ਅਸੀਮਿਤ ਖੇਖਣਬਾਜ਼ੀ ਤੋਂ ਵੱਧ ਕੁਝ ਵੀ ਨਹੀਂ।

ਚੋਣ ਸਾਲ ਦੌਰਾਨ ਮਜਬੂਰੀ ਹੇਠ ਪ੍ਰਧਾਨ ਮੰਤਰੀ ਵਲੋਂ ਦਿਖਾਈ ਜਾ ਰਹੀ ਦਿਆਲਤਾ ਤਹਿਤ ਮਿਉਂਸਪੈਲਟੀਆਂ ਅਤੇ ਕਾਰਪੋਰੇਸ਼ਨਾਂ ਨੂੰ ਜਿਆਦਾ ਰਾਜਨੀਤਕ ਤਾਕਤਾਂ ਨਾਲ ਲੈਸ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤਰਾਂ ਰਾਜਸੱਤਾ ਨੂੰ ਧਨ ਸਤ੍ਹਾ ਨਾਲ ਲੈਸ ਕੀਤਾ ਜਾਵੇਗਾ। ਸੂਬੇ ਦੇ ਅਧਿਕਾਰ ਅਤੇ ਪ੍ਰਸ਼ਾਸਨਕ ਘੇਰੇ ਦੀ ਕੀਮਤ ਤੇ ਮਿਉਂਸਪੈਲਟੀਆਂ ਦੀ ਰਾਜਨੀਤਕ ਸ਼ਕਤੀ ਅਤੇ ਕਾਰਜਾਂ ਦਾ ਪਾਸਾਰ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ, 'ਸੰਵਿਧਾਨਕ ਸੋਧ ਬਿਲ ਨਾਲ ਸਬੰਧਤ ਗਿਆਰਵੀਂ ਸੂਚੀ ਵਿਚ ਕੁਝ ਮਿਉਂਸਪਲ ਕਾਰਜ ਅਤੇ ਵਿਕਾਸ ਡਿਊ-ਟੀਆਂ ਜਿਹੜੀਆਂ ਕਿ ਪੰਚਾਇਤ ਨੂੰ ਸੌਂਪੀਆਂ ਜਾਣੀਆਂ ਚਾਹੀਦੀਆਂ ਹਨ ਉਹਨਾਂ ਨੂੰ ਇਕ ਬਹੁਤ ਹੀ ਉਦਾਹ-ਰਨਮਈ ਢੰਗ ਨਾਲ ਸੂਚੀਬੱਧ ਕੀਤਾ ਗਿਆ ਹੈ। ਸ਼ਹਿਰੀ ਕੇਂਦਰਾਂ ਦੇ ਜ਼ਾਬਤੇ, ਡਿਊ-ਟੀਆਂ ਅਤੇ ਮਿਉਂਸਪਲ ਜੁਮੇਵਾਰੀ ਦਾ ਨਿਰਣਾ ਕਰਨ ਲਈ ਇਕ ਅਜਿਹੀ ਹੀ ਸੂਚੀ ਬਾਰਵੀਂ ਸੂਚੀ ਲਈ ਲੋੜੀਂਦੀ ਹੋਵੇਗੀ।'

ਇਹ ਸਾਰੀਆਂ ਤਾਕਤਾਂ ਅਤੇ ਡਿਊ-ਟੀਆਂ ਆਦਿ ਨੂੰ ਇਕ ਅਜਿਹੇ ਢੰਗ ਨਾਲ ਪ੍ਰਭਾਸ਼ਿਤ ਕੀਤਾ ਜਾਵੇਗਾ ਜਿਸ ਨਾਲ ਕਿ ਸੂਬੇ ਦੇ ਅਧਿਕਾਰ ਅਤੇ ਜੁਮੇਂਵਾਰੀ ਨੂੰ ਖੋਰਾ ਲਗੇਗਾ।

ਇਸ ਵਿਚ ਰਤੀ ਭਰ ਵੀ ਸ਼ੱਕ ਨਹੀਂ ਕਿ ਬਹੁਤ ਸਾਰੀਆਂ ਸੂਬਾ ਸਰਕਾਰਾਂ ਵਿਸ਼ੇਸ਼ ਕਰਕੇ ਕਾਂਗਰਸ (ਆਈ) ਸਰਕਾਰਾਂ ਨੇ ਆਪਣੇ ਆਪ ਨੂੰ ਬਦਨਾਮ ਕਰ ਲਿਆ ਹੈ ਜਿਸ ਤਰਾਂ ਕਿ ਉਹਨਾਂ ਲੋਕਲ ਸੈਲਫ-ਗਵਰਨਿੰਗ ਬਾਡੀਜ਼ ਨਾਲ ਸਲੂਕ ਕੀਤਾ, ਮਿਉਂਸਪੈਲਟੀਆਂ ਨੂੰ ਦਬਾਇਆ ਅਤੇ ਮਿਉਂਸਪਲ ਚੋਣਾਂ ਵਿਚ ਪੱਤੇਬਾਜ਼ੀਆਂ ਖੇਡੀਆਂ ਤੇ ਆਹੁਦੇਦਾਰਾਂ ਦੀ ਚੋਣ ਵਿਚ ਹੇਰਾਫੇਰੀ ਕੀਤੀ। ਸੁਪਰਸੀਡ ਕੀਤੀਆਂ ਗਈਆਂ ਮਿਉਂਸਪੈਲਟੀਆਂ ਦੀਆਂ ਚੋਣਾਂ ਕਈ ਸਾਲਾਂ ਤਕ ਨਹੀਂ ਕਰਵਾਈਆਂ ਗਈਆਂ ਅਤੇ ਲੋਕਲ ਸੈਲਫ ਗੋਮੇਂਟ ਠੁੱਸ ਕਰਕੇ ਰੱਖ ਦਿਤੀ ਗਈ। ਵਰਤਮਾਨ ਬਿਲ ਦੇ ਅਸਲ ਮਨੋਰਥਾਂ ਨੂੰ ਇਹ ਸਭ ਕੁਝ ਨੰਗਾ ਕਰਦਾ ਹੈ।

ਹੁਣ ਨਵੀਂ ਵਿਵਸਥਾ ਕੀਤੀ ਜਾ ਰਹੀ ਹੈ ਮਿਉਂਸਪਲ ਕਮੇਟੀਆਂ ਤੇ ਮਿਉਂਸ-ਪਲ ਕਾਰਪੋਰੇਸ਼ਨ ਦੀਆਂ ਚੋਣਾਂ ਹਰੇਕ ਪੰਜ ਸਾਲਾਂ ਬਾਅਦ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਪਰ ਚੋਣਾਂ ਕਰਵਾਉਣ ਲਈ ਕਿਸ ਨੂੰ ਜੁੰਮੇਵਾਰ ਬਣਾਇਆ ਜਾਣਾ ਹੈ ? ਚੁਣੀਆਂ ਹੋਈਆਂ ਸੂਬਾ ਸਰਕਾਰਾਂ ਨੂੰ ਨਹੀਂ ਸਗੋਂ ਚੋਣ ਕਮਿਸ਼ਨ ਨੂੰ ਜਿਹੜਾ ਕਿ ਕੇਂਦਰ ਵਲੋਂ ਨਾਮਜ਼ਦ ਕੀਤਾ ਹੋਇਆ ਹੈ। ਇਹ ਕਾਂਗਰਸ (ਆਈ) ਦੀ ਕਿਸਮ ਦਾ ਵਿਕੇਂਦਰੀਕਰਨ ਹੈ। ਮਿਉਂਸਪਲ ਬਾਡੀਆਂ ਅਤੇ ਸੂਬਾ ਸਰਕਾਰਾਂ ਵਿਚਕਾਰ ਤੇ ਲੋਕਲ ਸੈਲਫ ਗੋਮੇਂਟ ਅਤੇ ਸੂਬਾ ਅਧਿਕਾਰੀਆਂ ਵਿਚਕਾਰ ਹਰ ਪ੍ਰਕਾਰ ਦੇ ਸੰਪਰਕ ਖਤਮ ਕਰਨ ਵਲ ਇਹ ਪਹਿਲਾ ਕਦਮ ਹੈ।

ਨਵੇਂ ਬਿੱਲ ਤਹਿਤ ਲੋਕਲ ਬਾਡੀਜ਼ ਕੋਲ ਖੁਦ ਆਪਣੇ ਵਿੱਤੀ ਸਾਧਨ ਹੋਣਗੇ ਤਾਂ ਜੋ ਉਹ ਸੂਬਿਆਂ ਉਤੇ ਨਿਰਭਰ ਨਾ ਕਰਨ। ਉਪਰੋਂ ਉਪਰੋਂ ਇੰਝ ਬਿਲਕੁਲ ਤਰਕ-ਸ਼ੀਲਤਾ ਵਾਲੀ ਗੱਲ ਜਾਪਦੀ ਹੈ ਕਿ ਸਾਧਨਾਂ ਦਾ ਹਿੱਸਾ ਸੂਬੇ ਦੇ ਨਿਗੂਣੇ ਮਾਲੀਆ ਸਾਧਨਾਂ ਵਿਚੋਂ ਚਾਰਜ ਕੀਤਾ ਜਾਵੇਗਾ। ਪਰ ਇਹ ਸਭ ਨਹੀਂ ਹੈ। ਇਸਦੀ ਹੋਰ ਵੀ ਵਿਵਸਥਾ ਕੀਤੀ ਗਈ ਹੈ ਕਿ ਕੇਂਦਰ ਵਲੋਂ ਸ਼ਹਿਰੀ ਸੰਸਥਾਵਾਂ ਨੂੰ ਫੰਡ ਸੌਂਪੇ ਜਾਣੇ ਚਾਹੀਦੇ ਹਨ। ਇਸ ਸਮੇਂ ਮੂੰਹ-ਜਬਾਨੀ ਇਸ ਤਰਾਂ ਸੁਝਾਅ ਦਿਤਾ ਜਾਂਦਾ ਹੈ ਕਿ ਇਹ ਸਭ ਕੁਝ ਸੂਬਾ ਸਰਕਾਰ ਦੀ ਏਜੰਸੀ ਰਾਹੀਂ ਕੀਤਾ ਜਾਣਾ ਚਾਹੀਦਾ ਹੈ ਜਾਂ ਕੁਝ ਵਿਸ਼ੇਸ਼ ਕੇਸਾਂ ਵਿਚ ਅਜਿਹਾ ਕੇਂਦਰ ਵਲੋਂ ਸਿੱਧੇ ਰੂਪ ਵਿਚ ਕੀਤਾ ਜਾਣਾ ਚਾਹੀਦਾ ਹੈ।

ਇਹ ਗਲ ਯਕੀਨੀ ਹੈ ਕਿ ਅੰਤਮ ਫੈਸਲਾ ਸੂਬੇ ਨੂੰ ਬਾਈਪਾਸ ਕਰਨਾ ਹੋਵੇਗਾ


MURRICK INSURANCE SERVICES LTD

NARWAL INSURANCE SERVICES LTD



NARWAL
Insurance Services Ltd.
Murrick Insurance Services Ltd.

ICBC AUTOPLAN
New licence plates
Decal renewal
Transfer of ownership
New registrations
Change of coverage

GENERAL
Homeowners
Tenants package
Mobile Home
Travel insurance
Boat

LIFE
Term Insurance
Mortgage
Business
Non-smokers dist

Autoplan
AUTHORIZED AGENT

OPEN 9 to 5 (Mon.-Fri.)
10-3 Sat.
6415 Main St., at 48th Vancouver
Call NARWAL 325-4744
325-4744

Autoplan

PRITPAL SINGH NARWAL
B.A. (Pb.), L.L.B. (Kuk)
Former Advocate & Oath Commissioner
Notary Public
PREFERRED AREA OF PRACTICE
*Conveyancing
*To prepare mortgages
*To prepare contracts
*Translation
*Affidavits
*Power of Attorney
*Basic Will
*Immigration
*Adoption, Etc.
6415 Main St., [at 48th Ave.], Vancouver
325-4744

OPEN
9 A.M. TO 5 P.M. (MON. TO FRI.)
SAT. 10 A.M. TO 3 P.M.
6415 MAIN ST. (at 48th., AVE
VANCOUVER, B.C.

ਨਜ਼ਮ

# ਮੇਰੇ ਪਿੰਡ ਦਾ ਜ਼ਿਕਰ

ਅਵਤਾਰਜੀਤ

ਮੇਰੇ ਪਿੰਡ ਦਾ ਜ਼ਿਕਰ
ਗੀਤਾਂ ਅਤੇ ਨਜ਼ਮਾਂ 'ਚ
ਬਿੰਬਾਂ ਅਤੇ ਅਲੰਕਾਰਾਂ 'ਚ ਗੁੰਦਿਆ
ਬਹੁਤ ਝੂਠਾ ਹੈ ਦੋਸਤ !
ਕਿ ਮੇਰੇ ਪਿੰਡ 'ਚ ਜ਼ਿੰਦਗੀ —
ਦੋਧਾ ਮੱਕੀ ਦੀ ਮਹਿਕ ਹੈ
ਕਣਕ ਦੀਆਂ ਬੱਲੀਆਂ ਦੇ ਸੁਨਹਿਰੇ ਰੰਗ ਵਰਗੀ
ਕੱਤੇ ਦੀ ਕਪਾਹ ਵਾਂਗ ਖਿੜੀ
ਸਰਘੀ ਦੀ ਹਵਾ ਵਰਗੀ
ਬੋਹੜਾਂ ਦੀ ਠੰਡੀ ਛਾਂ ਵਰਗੀ
ਖੂਹ ਦੀ ਮੌਣ ਉੱਤੇ
ਜੁੜੇ ਕੁੜੀਆਂ ਦੇ ਪੂਰ ਵਰਗੀ
ਤੀਆਂ ਦੇ ਦਿਨਾਂ 'ਚ
ਅੱਲ੍ਹੜ ਕੁੜੀਆਂ ਦੇ ਬੁੱਲ੍ਹਾਂ 'ਚੋਂ ਕਿਰਦੇ
ਲੋਕ-ਗੀਤਾਂ ਦੀ ਲੈਅ ਵਰਗੀ
ਮਹਿੰਦੀ ਰੱਤੀਆਂ ਤਲੀਆਂ ਦੇ ਖੁਮਾਰ
ਅਤੇ ਵੰਗਾਂ ਦੇ ਛਣਕਾਰ ਵਰਗੀ...
ਤੂੰ ਗਲਤ ਸੁਣਿਐ ਦੋਸਤ—
ਮੇਰੇ ਪਿੰਡ ਜ਼ਿੰਦਗੀ ਰੰਗਾਂ ਦਾ ਦਰਿਆ ਨਹੀਂ,
ਮਹਿਜ਼ ਬਰਸਾਤੀ ਚੋਅ ਹੈ
ਜੋ ਕਦੀ ਵਹਿੰਦਾ ਹੈ
...ਕਦੀ ਰੁਕਦਾ ਹੈ
ਕਦੀ ਰੁਕਦਾ ਹੈ
ਕਦੀ ਬੁਝਦਾ ਹੈ
ਕਦੀ ਭਖਦਾ ਹੈ
ਕਦੀ ਮੱਚਦਾ ਹੈ
ਜਿਸ ਦੀ ਗੁਜ਼ਰਗਾਹ ਪਿੰਡ ਦੀ ਫਿਰਨੀ ਤੋਂ ਹੁੰਦੀ
ਸਿਵਿਆਂ ਦੇ ਵਿਚਕਾਰ ਜਾ ਮਰਦੀ ਹੈ
ਤੇ ਅਜੇ ਤਾਂ ਮੇਰੇ ਪਿੰਡ—
ਢਾਰਿਆਂ ਤੋਂ ਘਰ ਬਣਨ ਤੱਕ ਦਾ ਸੁਪਨਾ
......ਨੀਹਾਂ ਵਿਚ ਹੀ ਖੁਰਦਾ ਹੈ
ਹਰੇ ਕਚੂਰ ਲਹਿਲਹਾਂਦੇ ਖੇਤਾਂ ਦੇ ਮੱਥੇ ਦਾ ਨੂਰ
ਵਹੀਆਂ ਦੇ ਖਾਤਿਆਂ 'ਚ ਵਿਲਕਦੇ
ਅਤੇ.........

ਅਜੇ ਤਾਂ ਮੇਰੇ ਪਿੰਡ ਦੇ ਮਿੱਤੂ ਮੱਜ਼੍ਹਬੀ ਨੂੰ
ਉਹੀ ਮੁਸ਼ੱਕਤ ਦੀ ਕਾਲੀ ਖੰਘ ਛਿੜਦੀ ਹੈ
ਬੀੜੀ ਦੀ ਤਲਬ ਵਾਂਗ
ਰੋਟੀ ਦੀ ਪ੍ਰਾਪਤੀ ਦਾ ਤੇਈਆ ਚੜ੍ਹਦੈ
ਅਤੇ ਚਿੱਤੂ ਚਮਿਆਰ ਦੇ ਸਾਰੇ ਦੇ ਸਾਰੇ ਸੁਪਨੇ
ਅਜੇ ਹੱਡਾ ਰੋੜੀ 'ਚ ਪਏ ਮੁਰਦਾਰ ਉਤੇ ਆ ਟਿਕਦੇ ਨੇ
ਅਤੇ ਬੋਗੀਏ ਘੁਮਿਆਰ ਦੇ ਚੱਕ ਨੇ ਅਜੇ
...ਉਹ ਤੌੜੀ ਹੀ ਨਹੀਂ ਸਿਰਜੀ
ਜਿਸ ਵਿਚ ਉਸ ਦੀ
ਆਥਣੇ—ਸਵੇਰ ਦੀ ਖਿਚੜੀ ਰਿੱਝ ਸਕੇ।
ਤੂੰ ਇਹ ਵੀ ਸੁਣਿਆ ਹੋਵੇਗਾ ਦੋਸਤ—
ਕਿ ਮੇਰੇ ਪਿੰਡ ਦੀਆਂ
ਫੱਗਣ ਮਹੀਨੇ ਦੀ ਪੌਣ ਵਰਗੀਆਂ ਕੁੜੀਆਂ
ਚਾਨਣ 'ਚ ਨਹਾਉਂਦੀਆਂ ਨੇ—
ਮਹਿਕਾਂ 'ਚ ਜਿਉਂਦੀਆਂ ਨੇ
ਪਰ, ਤੂੰ ਇਹ ਨਹੀਂ ਸੁਣਿਆ ਹੋਵੇਗਾ
ਕਿ ਮਹਿੰਦੀ ਅਤੇ ਸੰਧੂਰ ਦੀ ਰੁੱਤੇ
ਜਦੋਂ ਬਾਗਾਂ 'ਚੋਂ—
ਉਹਨਾਂ ਦੇ ਹਮ ਉਮਰ ਪੂਰ
ਵਿਦਾ ਹੋ ਜਾਂਦੇ ਨੇ
ਉਹਨਾਂ ਦੇ ਦਿਲ ਉਤੇ ਕੀ ਬੀਤਦੀ ਹੈ ?
ਜਦੋਂ ਉਹਨਾਂ ਦਾ ਚੀਰ 'ਚ ਸੰਧੂਰ ਭਰਨ ਦਾ ਚਾਅ
ਦਿਨ ਰਾਤ ਤਪਦਾ ਹੈ ਪਿੰਡੇ ਉਤੇ ਤਾਅ ਬਣਕੇ
ਅਤੇ ਉਹਨਾਂ ਦੇ ਚਿਹਰੇ ਉਤੇ ਝਲਕਦਾ ਹੈ
ਪੂਰੀ ਔਰਤ ਬਣਨ ਤੱਕ ਦਾ ਦੁਖਾਂਤ......
ਚਿੱਟੇ ਦਿਨ ਵਾਂਗ ਸੱਚਾ ਹਲਫ਼—
ਇਹ ਮੇਰੇ ਪਿੰਡ ਦਾ ਸੱਚ ਹੈ ਦੋਸਤ !
ਹੋ ਸਕੇ......
ਤਾਂ ਇਸ ਵਿਚੋਂ ਤੇਰੇ ਆਪਣੇ ਪਿੰਡ ਦੇ ਅਰਥ ਲੱਭ ਕੇ—
...ਮੈਨੂੰ ਸੁਨੇਹਾ ਭੇਜ ਦੇਵੀਂ
—ਉਂਜ ਗੀਤਾਂ ਅਤੇ ਨਜ਼ਮਾਂ 'ਚ
ਬਿੰਬਾਂ ਅਤੇ ਅਲੰਕਾਰਾਂ 'ਚ ਗੁੰਦਿਆ
ਮੇਰੇ ਪਿੰਡ ਦਾ ਜ਼ਿਕਰ
ਬਹੁਤ ਝੂਠਾ ਹੈ ਦੋਸਤ !!

# ਪਾਪੂਲਰ ਓਕ ਐਂਡ ਪਾਈਨ ਕਰਾਫਟ ਲਿਮਿ:

# POPULAR
## Oak and Pine Craft Ltd.

7935 - 128th Street, SURREY, B.C.

## Ph. 596-1216



ਅਸੀਂ ਆਪਣੀ ਫੈਕਟਰੀ ਵਿਚ ਬੈਡਰੂਮ ਸੁਈਟਾਂ, ਸੋਫਾ ਸੈਟਜ਼ ਡਾਇਨਿੰਗ ਰੂਮ ਸੁਈਟਜ਼ ਅਤੇ ਹੋਲਸੇਲ ਦੀਆਂ ਕੀਮਤਾਂ ਤੇ ਲਾ ਦਿੱਤੀਆਂ ਹਨ। ਇਹੋ ਜਿਹੇ ਸ਼ਾਨਦਾਰ ਮੌਕੇ ਦਾ ਫਾਇਦਾ ਉਠਾਓ।

**ਵੈਨਕੂਵਰ ਵਿਚ ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ**



# ਸਿੱਧੇ ਫੈਕਟਰੀ 'ਤੇ ਪਹੁੰਚੋ

## ਤੇ ਮਨਮਰਜ਼ੀ ਦਾ ਫਰਨੀਚਰ ਖ਼੍ਰੀਦੋ

# ਰੰਗ-ਬਰੰਗੀਆਂ ਸੇਲਾਂ ਤੋਂ ਬਚੋ

ਕਹਾਣੀ

# ਬਾਊ ਜੀ ਉਦਾਸ ਨੇ

—ਡਾ. ਸ਼ਿਆਮ ਸੁੰਦਰ ਦੀਪਤੀ

ਬਾਊ ਜੀ ਦੀ ਅੱਜ ਸਵੇਰੇ ਜਦੋਂ ਜਾਗ ਖੁਲੀ ਤਾਂ ਉਹ ਆਪਣੇ ਆਪ ਨੂੰ ਕਾਫੀ ਠੀਕ ਮਹਿਸੂਸ ਕਰ ਰਹੇ ਸਨ। ਰਾਤੀਂ ਨੀਂਦ ਵੀ ਚੰਗੀ ਆ ਗਈ ਸੀ। ਪਿਛਲੇ ਦਸ ਬਾਰਾਂ ਦਿਨਾਂ ਤੋਂ ਓਹ ਬੀਮਾਰ ਸਨ । ਪਹਿਲੇ ਦੋ ਤਿੰਨਾਂ ਦਿਨਾਂ ਤਕ ਤਾਂ ਬੁਖਾਰ ਉਤਰਨ ਵਿਚ ਹੀ ਨਾ ਆਇਆ । ਫਿਰ ਖੂਨ-ਪਿਸ਼ਾਬ ਆਦਿ ਟੈਸਟ ਕੀਤੇ ਤਾਂ ਟਾਇਫਾਈਡ ਨਿਕਲਿਆ। ਇਲਾਜ ਸ਼ੁਰੂ ਕੀਤਾ ਤੇ ਦੋ ਦਿਨਾਂ ਬਾਅਦ ਬੁਖਾਰ ਟੁਟਿਆ। ਬੁਖਾਰ ਟੁੱਟਣ ਤੋਂ ਬਾਅਦ ਅੱਜ ਪੰਜਵਾਂ ਦਿਨ ਸੀ ਕਿ ਬਾਊ ਜੀ ਰਾਤ ਨੂੰ ਥੋਹੜਾ ਜਿਹਾ ਚੈਨ ਨਾਲ ਸੌਂ ਸਕੇ ਸੀ । ਰਾਤੀਂ ਜਾਗ ਨਹੀਂ ਸੀ ਖੁਲੀ । ਨਹੀਂ ਤਾਂ ਰੋਜ਼ ਰਾਤ ਨੂੰ ਜ਼ਰੂਰ ਜਾਗ ਖੁਲਦੀ, ਤੇ ਫਿਰ ਦੋ ਦੋ ਘੰਟੇ ਅੱਖ ਹੀ ਨਾ ਲਗਦੀ। ਪਹਿਲੇ ਦੋ ਤਿੰਨ ਦਿਨ ਜਦੋਂ ਬੁਖਾਰ ਉਤਰ ਨਹੀਂ ਸੀ ਰਿਹਾ ਤਾਂ ਕਦੇ ਮਲੇਰੀਆ, ਕਦੇ ਵਾਇਰਲ ਦਾ ਸ਼ੱਕ ਪੈ ਰਿਹਾ ਸੀ। ਸੁਧੀਰ ਨੇ ਵਿਕਰਮ ਨੂੰ ਬੁਲਾਉਣ ਲਈ ਕਿਹਾ ਤਾਂ ਬਾਊ ਜੀ ਨੇ ਮਨ੍ਹਾ ਕਰ ਦਿਤਾ। 'ਇਲਾਜ ਚਲ ਤਾਂ ਰਿਹਾ ਹੈ, ਐਵੇਂ ਹੀ ਪਰੇਸ਼ਾਨ ਹੋਵੇਗਾ। ਨਾਲੇ ਉਸ ਨੇ ਪੰਦਰਾਂ ਦਿਨਾਂ ਤਕ ਆਉਣਾ ਹੀ ਹੈ, ਵਡੇ ਦਿਨਾ ਦੀਆਂ ਛੁੱਟੀਆਂ ਵਿਚ।'

ਸੁਧੀਰ ਤੇ ਉਸ ਦੀ ਪਤਨੀ ਨੂੰ ਵੀ ਕਾਫੀ ਪ੍ਰੇਸ਼ਾਨ ਹੋਣਾ ਪਿਆ, ਬਾਊ ਜੀ ਦੀ ਬੀਮਾਰੀ ਕਰਕੇ । ਸੁਧੀਰ ਆਖਦਾ, 'ਵਿਕਰਮ ਨੂੰ ਕਿੰਨਾ ਸਮਝਾਇਆ ਕਿ ਦਸ ਤੇਰੇ ਹੋਣ ਦਾ ਕੀ ਫਾਇਦਾ, ਜਦ ਘਰ ਦੇ ਫਿਰ ਦੂਜੇ ਡਾਕਟਰਾਂ ਕੋਲ ਧੱਕੇ ਖਾਂਦੇ ਫਿਰਦੇ ਨੇਂ। ਮੈਂ ਤਾਂ ਆਖਦਾ ਸੀ ਤੂੰ ਨਰਸਿੰਗ ਹੋਮ ਖੋਹਲ ਲੈ।' ਉਹ ਬਾਊ ਜੀ ਦੀ ਬੀਮਾਰੀ ਤੋਂ ਤੰਗ ਹੋ ਕੇ ਕਹਿ ਰਿਹਾ ਸੀ ਜਾਂ ਭਰਾ ਨੂੰ ਨੌਕਰੀ ਛੱਡ ਕੇ ਆਪਣਾ ਕੰਮ ਧੰਦਾ ਕਰਨ ਦੀ ਇਹ ਸਲਾਹ ਸੀ।

ਬਾਊ ਜੀ ਸੁਧੀਰ ਨੂੰ ਡਕਟਰ ਬਣਾਉਣਾ ਚਾਹੁੰਦੇ ਸੀ, ਵਡੇ ਪੁੱਤਰ ਨੂੰ ਤੇ ਵਿਕਰਮ ਨੂੰ ਕੁਝ ਹੋਰ। ਖੈਰ ! ਹੋਇਆ ਉਲਟ। ਡਾਕਟਰ ਵਿਕਰਮ ਬਣ ਸਕਿਆ। ਵਡੇ ਨੇ ਆਪਣਾ ਬਿਜ਼ਨਿਸ ਸ਼ੁਰੂ ਕਰ ਲਿਆ—ਸ਼ਹਿਰ ਵਿਚ ਕਾਫੀ ਵਡਾ ਫਰ-ਨੀਚਰ-ਹਾਊਸ ।

ਬਾਊ ਜੀ ਨੇ ਉਠ ਕੇ ਮੂੰਹ ਧੋਤਾ ਤੇ ਉਹਨਾਂ ਦਾ ਮਨ ਚਾਹ ਪੀਣ ਨੂੰ ਕੀਤਾ। ਉਹਨਾਂ ਨੇ ਆਪ ਹੀ ਚਾਹ ਬਣਾਉਣ ਦੀ ਸੋਚੀ। ਕੀ ਜਗਾਵਾਂਗਾ। ਪਾਣੀ ਗੈਸ ਤੇ ਰਖਿਆ । ਭਾਂਡੇ ਖੜਕਣ ਨਾਲ ਸੁਧੀਰ ਦੀ ਪਤਨੀ ਉਠ ਖੜ੍ਹੀ ਹੋਈ ਤੇ ਰਸੋਈ ਵਿਚ ਬਾਊ ਜੀ ਨੂੰ ਚਾਹ ਬਣਾਉਂਦੇ ਵੇਖ ਕੇ ਹੈਰਾਨ ਹੋ ਗਈ ਤੇ ਕਹਿਣ ਲਗੀ, 'ਇਹ ਕੀ ? ਤੁਸੀਂ......' 'ਤਾਂ ਕੀ ਹੋ ਗਿਆ, ਅੱਜ ਤਬੀਅਤ ਕੁਝ ਠੀਕ ਸੀ ਤੇ ਚਾਹ ਬਣਾਉਣ ਵਿਚ ਕਿਹੜਾ ਤਾਕਤ ਲਗਦੀ ਹੈ, ਉਹ ਵੀ ਗੈਸ ਤੇ।' ਵੈਸੇ ਬਾਊ ਜੀ ਨੂੰ ਰਸੋਈ ਦਾ ਕੰਮ ਆਉਂਦਾ ਵੀ ਹੈ। ਕਿਉਂ ਜੋ ਉਹਨਾਂ ਨੂੰ ਆਪਣਾ ਕਾਫ਼ੀ ਸਮਾਂ ਰਸੋਈ ਨਾਲ ਜੂਝਣਾ ਪਿਆ ਹੈ। ਸੰਨ ਸੰਤਾਲੀ ਵਿਚ ਮਾਂ-ਪਿਓ ਨੂੰ ਗਵਾ ਆਏ, ਜਦੋਂ ਕਿ ਬਾਊ ਜੀ ਦੀ ਉਮਰ ਸੋਲਾ-ਸਤਾਰਾਂ ਦੀ ਹੋਵੇਗੀ। ਤੇ ਫਿਰ ਵਿਆਹ ਦੇ ਪੰਜ ਸਾਲਾਂ ਮਗਰੋਂ ਸੁਧੀਰ ਦੀ ਮਾਂ ਤੁਰ ਗਈ ਸੀ ਜਦੋਂ ਸੁਧੀਰ ਚਾਰ, ਵਿਕਰਮ ਢਾਈ ਤੇ ਰੂਪਾ ਛੇ ਮਹੀਨਿਆਂ ਦੀ ਸੀ। ਬਾਊ ਜੀ ਨੇ ਦੂਜਾ ਵਿਆਹ ਨਹੀਂ ਸੀ ਕੀਤਾ। ਬਚਿਆਂ ਨੂੰ ਤੋਰਨ ਤੇ ਬੱਚਿਆਂ ਤੇ ਸਹਾਰੇ ਤੁਰਨ ਦਾ ਸੋਚ ਕੇ।

ਬਾਊ ਜੀ ਬੈਠਕ 'ਚ ਬੈਠ ਗਏ ਤੇ ਸੁਧੀਰ ਦੀ ਪਤਨੀ ਚਾਹ ਉਥੇ ਹੀ ਫੜਾ ਗਈ। ਬਾਊ ਜੀ ਹੌਲੀ ਹੌਲੀ ਚਾਹ ਪੀਣ ਲਗੇ। ਤਦ ਤਕ ਸੁਧੀਰ ਵੀ ਉਠ ਆਇਆ ਸੀ। ਉਹ ਬਾਹਰੋਂ ਅਖਬਾਰ ਚੁਕੀ ਬਾਊ ਜੀ ਕੋਲ ਆਇਆ ਤੇ ਹਾਲ ਪੁਛਿਆ। 'ਅੱਗੇ ਨਾਲੋਂ ਠੀਕ ਹੈ।' ਅਖਬਾਰ ਬਾਊ ਜੀ ਦੇ ਹੱਥ ਫੜਾਉਂਦੇ ਕਹਿਣ ਲਗਾ, ਤੇ ਨਾਲੇ ਇਹ ਵੀ ਕਹਿ ਗਿਆ, 'ਹਟਦਾ ਨਹੀਂ ਇਹ ਅੱਠ ਦਸ, ਅੱਠ ਦਸ ਮਰਨ ਮਰਾਉਣ ਵਾਲਾ ਸਿਲਸਿਲਾ। ਆਪਾਂ ਤਾਂ ਹੁਣ ਸੋਚ ਲਿਆ ਹੈ ਬਿਜ਼ਨਿਸ ਸ਼ਿਫਟ ਕਰਨ ਦਾ। ...ਕਿਉ ਠੀਕ ਹੈ ਨਾ ਬਾਊ ਜੀ।'

'ਜਦ ਤੂੰ ਸੋਚ ਹੀ ਲਿਆ ਹੈ...। ਕੁਝ ਦਿਨ ਪਹਿਲਾਂ ਦੀ ਅਖਬਾਰ ਵਿਚ ਬਿਜ਼ਨਿਸ ਵਟਾਉਣ ਦਾ ਇਸ਼ਤਹਾਰ ਸੀ। ਤੂੰ ਹੀ ਦਿਤਾ ਸੀ ?'

'ਦਿਤਾ ਤਾਂ ਮੈਂ ਹੀ ਸੀ, ਪਰ ਉਹ ਗਲ ਸਿਰੇ ਚੜੀ ਨਹੀਂ। ਹੁਣ ਕੁਝ ਹੋਰ ਹੀ ਸੋਚਿਆ ਹੈ।' ਕਹਿੰਦਾ ਹੋਇਆ ਸੁਧੀਰ ਉਠ ਖੜੋਇਆ ਤੇ ਦੁਕਾਨ ਤੇ ਜਾਣ ਨੂੰ ਤਿਆਰ ਹੋਣ ਲਗਾ।

ਬਾਊ ਜੀ ਸੁਧੀਰ ਨੂੰ ਡਾਕਟਰ ਬਣਾਉਣਾ ਚਾਹੁੰਦੇ ਸੀ। ਸੁਧੀਰ ਨੇ ਮੇਹਨਤ ਤਾਂ ਕਾਫੀ ਕੀਤੀ ਪਰ ਮੈਡੀਕਲ ਕਾਲਜ ਨਾ ਪਹੁੰਚ ਸਕਿਆ। ਉਸ ਦੇ ਪਿਛੇ ਪਿਛੇ ਹੀ ਵਿਕਰਮ ਲਗ ਗਿਆ ਤੇ ਡਾਕਟਰ ਬਣ ਗਿਆ। ਸੁਧੀਰ ਨੂੰ ਬੈਂਕ ਤੋਂ ਕਰਜ਼ਾ ਦਿਵਾ ਕੇ ਬਾਊ ਜੀ ਨੇ ਬਿਜਨਿਸ ਖੋਹਲ, ਦਿਤਾ। ਇਕ ਤਾਂ ਕੋਈ ਵਧੀਆ ਨੰਬਰ ਨਹੀਂ ਸਨ ਕਿ ਕੋਈ ਚੰਗਾ ਕੋਰਸ ਕ। ਸਕਦਾ ਤੇ ਦੂਜਾ ਬਾਊ ਜੀ ਚਾਹੁੰਦੇ ਸੀ ਇਕ ਲੜਕਾ ਤਾਂ ਉਹਨਾਂ ਕੋਲ ਰਹੇ। ਉਹ ਚਾਹੇ ਆਪ ਬਿਜਨਿਸ ਦੇ ਹੱਕ ਵਿਚ ਨਹੀਂ ਰਹੇ। ਪਾਕਿਸਤਾਨ ਦੇ ਹਾਲਾਤ ਤੋਂ ਬਾਦ ਕਿੰਨਾ ਹੀ ਚਿਰ ਕੈਂਪਾਂ ਵਿਚ ਰੁਲਦੇ ਰਹੇ, ਫਿਰ ਜਿਥੇ ਥਾਂ ਟਿਕਾਣਾ ਮਿਲਿਆ ਉਥੇ ਹੀ ਰਹਿ ਪਏ। ਕਿਸੇ ਦੁਕਾਨ ਤੇ ਛੋਟੀ-ਮੋਟੀ ਨੌਕਰੀ ਕੀਤੀ। ਭੂਆ ਨੇ ਵਿਆਹ ਕਰਵਾ 'ਤਾ। ਨਾਲ ਨਾਲ ਪੜ੍ਹਦੇ ਰਹੇ। ਸ਼ਹਿਰ ਵਿਚ ਪਹਿਲੀ ਵਾਰ ਜਦੋਂ ਇਕ ਕਪੜੇ ਦੀ ਮਿੱਲ ਲਗੀ ਤਾਂ ਉਸ ਵਿਚ ਕਲਰਕ ਦੀ ਨੌਕਰੀ ਮਿਲ ਗਈ। ਫਿਰ ਜਦੋਂ ਸ਼ਹਿਰ ਵਿਚ ਬੈਂਕ ਖੁਲਿਆ ਤਾਂ ਉਸ ਵਿਚ ਨੌਕਰੀ ਕਰ ਲਈ। ਬੈਂਕ ਸਰਕਾਰੀ ਹੋ ਗਿਆ, ਨੌਕਰੀ ਪੱਕੀ ਹੋ ਗਈ ਤੇ ਨਾਲ ਹੀ ਪਰਮੋਸ਼ਨ ਦੇ ਚਾਂਸ ਵੀ ਹੋ ਗਏ।

ਬਾਊ ਜੀ ਨੇ ਕੰਮ-ਕਿਤੇ ਨੂੰ ਲੈ ਕੇ ਦੋ ਦ੍ਰਿੜ ਫੈਸਲੇ ਕੀਤੇ ਜ਼ਿੰਦਗੀ 'ਚ। ਇਕ ਤਾਂ ਬਿਜਨਿਸ ਨਹੀਂ ਕੀਤਾ ਕਿ ਬੱਚਿਆਂ ਨੂੰ ਪੜ੍ਹਾ ਕੇ ਕੁਝ ਬਣਾਵਾਂਗਾ। ਬਿਜਨਿਸ ਵਿਚ ਤਾਂ ਬੱਚੇ ਚੰਗੀ ਤਰਾਂ ਨਹੀਂ ਸਾਂਭੇ ਨਹੀਂ ਜਾਣੇ। ਮਾਂ ਵੀ ਤਾਂ ਨਹੀਂ ਸੀ। ਨਾ ਬਾਊ ਜੀ ਦੀ, ਨਾ ਸੁਧੀਰ-ਵਿਕਰਮ-ਰੂਪਾ ਦੀ। ਦੂਜਾ ਫੈਸਲਾ ਇਹ ਕਿ ਪਰਮੋਸ਼ਨ ਦੇ ਲਾਲਚ ਵਿਚ ਵਾਰੀ ਵਾਰੀ ਏਧਰ ਓਧਰ ਨਹੀਂ ਜਾਣਾ। ਉਸ ਵਿਚ ਵੀ ਮੁੱਖ ਗਲ ਇਹੋ ਸੀ, ਬੱਚਿਆਂ ਨੂੰ ਵਾਰੀ-ਵਾਰੀ ਸਕੂਲਾਂ ਕਾਲਜਾਂ ਤੋਂ ਬਦਲਣਾ ਤੇ ਹੋਰ ਵਡੀ ਗਲ ਕਿ ਪਾਕਿਸਤਾਨ ਤੋਂ ਉਖੜਨ ਤੋਂ ਬਾਅਦ ਫਿਰ ਵੱਸਣਾ ਇਕ ਖੌਫਨਾਕ ਤਜਰਬਾ ਹੀ ਸੀ। ਇਕ ਵਾਰ ਥਾਂ-ਠਿਕਾਣਾ, ਸਿਰ-ਪੈਰ ਲੁਕਾਉਣ ਦੀ ਥਾਂ ਮਿਲਣ ਪਿਛੋਂ, ਨਵੀਂ ਥਾਂ ਤੇ ਜਾਣਾ-ਲੱਭਣਾ, ਇਹ ਕਲਪਨਾ ਹੀ ਕੰਬਾ ਦੇਣ ਵਾਲੀ ਸੀ।

ਬਿਜ਼ਨਿਸ ਨਾ ਕਰਨ ਦੇ ਮਾਮਲੇ ਵਿਚ ਵਿਕਰਮ ਵੀ ਬਾਊ ਜੀ ਦੇ ਨੇੜੇ ਦਾ ਹੈ, ਪਰ ਹੋਰ ਨੁਕਤੇ ਤੋਂ ਸੁਧੀਰ ਦੇ ਬਹੁਤਾ ਜ਼ੋਰ ਪਾਉਣ ਤੇ ਵੀ ਉਹ ਨਰਸਿੰਗ ਹੋਮ ਖੋਹਲਣ ਤੇ ਰਾਜ਼ੀ ਨਾ ਹੋਇਆ। ਉਹ ਕਹਿੰਦਾ ਸੀ, 'ਡਾਕਟਰ ਹੋ ਕੇ ਦੁਕਾਨ ਖੋਲਣੀ. ਉਸ ਨੂੰ ਤਾਂ ਇੰਜ ਲਗਦਾ ਹੈ

ਜਿਵੇਂ ਕੋਈ ਬਾਣੀਆ ਹੱਟੀ ਖੋਲ੍ਹ ਕੇ ਬੈਠਾ ਹੋਵੇ। ਤਿੰਨ ਕੈਪਸੂਲ—ਦੋ ਰੁਪਏ, ਪੰਜ ਗੋਲੀਆਂ—ਇਕ ਰੁਪਿਆ, ਦੋ ਖੁਰਾਕਾਂ ਖੰਘ ਦੀ ਦਵਾ—ਸੱਤਰ ਪੈਸੇ, ਇਹ ਸਾਰੇ ਹੋ ਗਏ—ਤਿੰਨ ਰੁਪਏ ਸੱਤਰ ਪੈਸੇ। ਤੇ ਫਿਰ ਇਸ ਤਰਾਂ ਦੀਆਂ ਗਲਾਂ ਕਿ ਐਤਕੀਂ ਕੋਈ ਸੀਜ਼ਨ ਵਧੀਆ ਨਹੀਂ ਰਿਹਾ (ਲੋਕੀਂ ਬੀਮਾਰ ਨਹੀਂ ਪਏ!) ਪਿਛਲੇ ਸਾਲ ਤਾਂ ਮਲੇਰੀਏ ਨੇ ਕਮਾਲ ਹੀ ਕਰਤੀ, ਰੋਟੀ ਖਾਣ ਦੀ ਵਿਹਲ ਤਕ ਨਹੀਂ ਸੀ ਮਿਲਦੀ। ਕਿੰਨਾ ਹਾਰੋਹੀਣਾ ਲਗਦਾ ਹੈ ਸਭ। ਮਨੁੱਖ ਨੂੰ ਆਪਣੀ ਹੋਂਦ ਤੇ ਸ਼ਰਮ ਆਉਣ ਲਗ ਪੈਂਦੀ ਹੈ। ਸਿਖਿਆ ਤੇ ਸਿਹਤ ਤਾਂ ਘਟ ਤੋਂ ਘਟ ਮੁਫਤ ਵੰਡਣੇ ਚਾਹੀਦੇ ਨੇ।

ਸੁਧੀਰ ਆਖਦਾ, 'ਇਹ ਕੋਈ ਗਲ ਨਹੀਂ। ਪੈਸਾ ਕਮਾਓ, ਪੈਸਾ ਲਾਓ। ਪੈਸਾ ਕਮਾਓ। ਡਾਕਟਰ ਬਣਨ ਵਿਚ ਪੈਸਾ ਲਾਇਆ ਹੈ, ਕਮਾਉਣ ਵਿਚ ਕੀ ਹਰਜ ਹੈ। ਅਸੀਂ ਫਰਨੀਚਰ ਬਨਾਉਂਦੇ ਹਾਂ, ਪੈਸਾ ਲਾਂਦੇ ਹਾਂ. ਫਿਰ ਵੇਚਦੇ ਹਾਂ, ਪੈਸਾ ਕਮਾਉਂਦੇ ਹਾਂ। ਫਿਰ ਰਾਸ਼ਨ ਵਾਲੇ ਨੂੰ, ਦੁੱਧ ਵਾਲੇ ਨੂੰ ਡਾਕਟਰਾਂ ਨੂੰ... ਸਭ ਨੂੰ ਦਿੰਦੇ ਹਾਂ। ਇਸ ਵਿਚ ਕੀ ਹੈ, ਸਭ ਕੰਮ ਇਸ ਤਰਾਂ ਹੀ ਚਲਦਾ ਹੈ।

ਵਿਕਰਮ ਆਖਦਾ, 'ਭਾਈ ਸਾਹਿਬ! ਦੁਨੀਆਂ ਦਾ ਹਰ ਸਵਾਲ ਲਾਭ-ਹਾਨੀ ਦੇ ਤਰੀਕੇ ਨਾਲ ਹੀ ਹਲ ਨਹੀਂ ਹੁੰਦਾ। ਫਰਨੀਚਰ ਨੂੰ ਜਾਂ ਰਾਸ਼ਨ ਨੂੰ ਇਕ ਜ਼ਿੰਦਗੀ ਨਾਲ ਨਹੀਂ ਤੋਲਿਆ ਜਾ ਸਕਦਾ।'

ਬਾਊ ਜੀ ਨੂੰ ਵਿਕਰਮ ਤੋਂ ਗਿਲਾ ਨਹੀਂ। ਗਿਲਾ ਬਾਊ ਜੀ ਨੂੰ ਸੁਧੀਰ ਤੋਂ ਵੀ ਨਹੀਂ। ਦੋਵੇਂ ਆਪਣੀ ਥਾਂ ਖੁਸ਼ ਨੇ। ਬਾਊ ਜੀ ਨੇ ਦੋਵਾਂ ਨੂੰ ਸੈੱਟ ਕਰਤਾ। ਰਿਟਾਇਰਮੈਂਟ ਤੋਂ ਬਾਅਦ ਮਿਲੇ ਪੈਸਿਆਂ ਵਿਚੋਂ ਕੁਝ ਪੈਸੇ ਨਾਲ ਸੁਧੀਰ ਤੇ ਵਿਕਰਮ ਨੇ ਰੂਪਾ ਦਾ ਵਿਆਹ ਕਰ ਦਿਤਾ। ਪਿਛਲੇ ਦੋ ਸਾਲਾਂ ਤੋਂ ਬਾਊ ਜੀ ਹਰ ਪਾਸਿਓਂ ਸੁਰਖਰੂ ਹੋ ਗਏ ਸੀ। ਥੋਹੜੀ ਜਿਹੀ ਸੈਰ, ਇਕ ਅਖਬਾਰ, ਦੋ ਰੋਟੀਆਂ ਤੇ ਮਾੜਾ-ਮੋਟਾ ਸੁਧੀਰ ਦੇ ਮੁੰਡੇ-ਕੁੜੀ ਨਾਲ ਖੇਡ ਛੱਡਣਾ। ਵਿਕਰਮ ਵੀ ਲੈ ਗਿਆ ਸੀ ਬਾਊ ਜੀ ਨੂੰ ਪਟਿਆਲੇ—ਪਰ ਬਾਊ ਜੀ ਦਾ ਮਨ ਨਹੀਂ ਸੀ ਲਗਾ। ਵਿਕਰਮ ਤੇ ਉਸ ਦੀ ਪਤਨੀ ਨੌਕਰੀ ਤੇ ਚਲੇ ਜਾਂਦੇ। ਬੱਚੇ ਨੂੰ 'ਡੇ-ਕੇਅਰ' ਵਿਚ ਛੱਡ ਜਾਂਦੇ। ਬਾਊ ਜੀ ਕੱਲੇ—ਅਖਬਾਰ ਜਾਂ ਕਿਤਾਬਾਂ ਦੇ ਸਹਾਰੇ ਪੰਦਰਾਂ ਵੀਹ ਦਿਨਾਂ ਤੋਂ ਵਧ ਨਾ ਠਹਿਰਦੇ। ਚਾਲੀ ਸਾਲਾਂ ਦੀ, ਗਲੀ-ਮੁਹੱਲੇ ਦੀ ਸਾਂਝ। ਪਟਿਆਲਾ ਸ਼ਹਿਰ ਕਿਥੋਂ ਮਾਫਿਕ ਆਉਣਾ ਸੀ ਤੇ ਉਹ ਵੀ ਸੱਠ ਸਾਲ ਦੀ ਉਮਰ ਵਿਚ।

ਬਾਊ ਜੀ ਦਾ ਨਾਉਣ ਦਾ ਚਿੱਤ ਸੀ ਅੱਜ। ਉਹਨਾਂ ਨੇ ਪਾਣੀ ਗਰਮ ਕਰਨ ਨੂੰ ਕਿਹਾ ਤੇ ਥੋਹੜਾ ਜਿਹਾ ਧੁੱਪੇ ਆ ਕੇ ਬੈਠ ਗਏ। ਨਹਾ ਕੇ ਸਰੀਰ ਜ਼ਰਾ ਖੁਲ੍ਹ ਜਿਹਾ ਗਿਆ ਤੇ ਫਿਰ ਦੁੱਧ-ਬਰੈਡ ਤੇ ਦਵਾਈ ਲੈ ਕੇ ਮੰਜੇ 'ਤੇ ਪੈ ਗਏ।...ਹੁਣ ਕੀ ਸੋਚੀ ਫਿਰਦੈ ਸੁਧੀਰ? ਕਿਥੇ ਜਾਵੇਗਾ? ਕੁਝ ਦਿਨ ਪਹਿਲਾਂ ਕਹਿ ਰਿਹਾ ਸੀ, ਬਿਜਨਿਸ ਸਾਰਾ ਠੱਪ ਪੈ ਗਿਆ। ਔਧਾ ਵੀ ਨਹੀਂ ਰਿਹਾ। ਨਵਾਂ ਤਾਂ ਕੋਈ ਬਣਾ ਕੇ ਹੀ ਨਹੀਂ ਰਾਜ਼ੀ, ਸਗੋਂ ਜੋ ਹੈ ਉਹ ਵੀ ਵੇਚਣ ਨੂੰ ਹੀ ਫਿਰਦੈ।'

ਆਖਿਰ ਇਹ ਕਿਥੇ ਜਾ ਰਹੇ ਨੇ? ਕਿਥੇ ਵਸਣਾ ਚਾਹੁੰਦੇ ਨੇ? ਕਿਸ ਜ਼ਮੀਨ ਤੇ? ਸੰਨ ਸਤਾਲੀ ਵਿਚ ਇੰਜ ਲਗਦਾ ਸੀ ਹੁਣ ਅਸੀਂ ਆਜ਼ਾਦ ਹਾਂ। ਬੜਾ ਬੇਮਾਨੀ ਜਿਹਾ ਲਗ ਰਿਹਾ ਸੀ ਉਜੜਣਾ। ਕਿਸੇ ਵੀ ਖਿਆਲ ਨਾਲ ਸਮਝ ਨਹੀਂ ਸੀ ਆ ਰਿਹਾ ਕਿ ਆਖਿਰ ਇਹ ਹੋ ਕੀ ਗਿਆ ਆਖਿਰ ਇਹ ਮਨੁੱਖ ਦੀ ਕਿਸ ਮਾਨਸਿਕ ਖੁਹਾਇਸ਼ ਦੀ ਪੂਰਤੀ ਹੈ? ਇਹ ਮਨੁੱਖੀ ਮਨ ਦੀ ਕਿਸ ਉਲਝਣ ਦਾ ਸੁਲਝਾਅ ਹੈ? ਕਿਸ ਭਟਕਣ ਦੀ ਤਲਾਸ਼ ਹੈ? ਜੇ ਇਸ ਤਰਾਂ ਹੀ ਭਟਕਣਾ ਸੀ, ਜੇ ਇਸ ਤਰਾਂ ਹੀ ਬੋਰੀ ਬਿਸਤਰਾ ਚੁਕੀ ਫਿਰਨਾ ਸੀ ਤਾਂ ਫਿਰ ਕੀ ਜ਼ਰੂਰਤ ਸੀ ਇਹ ਸੰਸਾਰ ਦੀ? ਜੰਗਲ ਮਾੜ ਸੀ।

ਦੁਪਹਿਰ ਨੂੰ ਸੁਧੀਰ ਰੋਟੀ ਖਾਣ ਆਇਆ ਤਾਂ ਉਸ ਦੇ ਹੱਥ 'ਚ ਵਿਕਰਮ ਦੀ ਚਿੱਠੀ ਸੀ। ਚਿੱਠੀ ਬਾਊ ਜੀ ਨੂੰ ਦਿੰਦੇ ਹੋਏ ਸੁਧੀਰ ਨੇ ਕਿਹਾ, 'ਵਿਕਰਮ ਦੀ ਪ੍ਰਮੋਸ਼ਨ ਹੋ ਗਈ ਹੈ, ਅੰਮ੍ਰਿਤਸਰ ਮੈਡੀਕਲ ਕਾਲਜ ਜਾ ਰਿਹਾ ਹੈ। ਓਥੇ ਜਵਾਇਨ ਕਰਕੇ ਫਿਰ ਆਵੇਗਾ। ਦਸ ਕੁ ਦਿਨਾਂ ਤਕ।' ਤੇ ਫਿਰ ਕਹਿਣ ਲੱਗਾ, 'ਇਹ ਹੁਣ ਅੰਮ੍ਰਿਤਸ਼ਰ ਵਲ ਤੁਰ ਚਲਿਆ, ਲੋਕ ਉਧਰੋਂ ਛੋੜ-ਛੱਡ ਕੇ ਏਧਰ ਆ ਰਹੇ ਨੇ। ਜ਼ਿੰਦਗੀ ਨਾਲੋਂ ਕੋਈ ਪ੍ਰਮੋਸ਼ਨ ਜ਼ਰੂਰੀ ਹੈ। ਕੀ ਸਮਝਾਵੇ ਕੋਈ। ਮੰਨਦਾ ਤਾਂ ਹੈ ਨਹੀਂ ਕਿਸੇ ਦੀ।'

ਸੱਚ-ਮੁੱਚ ਨਹੀਂ ਮੰਨਦਾ। ਮੰਨਣ ਵਾਲੀ ਗਲ ਹੀ ਹੈ ਨਹੀਂ। ਉਸ ਦਾ ਆਪਣਾ ਤਰਕ ਹੈ। ਉਸ ਦਾ ਕੀ ਵਿਸ਼ਵ-ਵਿਆਪੀ ਮਨੁੱਖੀ ਸਿਧਾਂਤ ਹੈ। ਉਹ ਸਿਧਾਂਤ ਜੋ ਸਿਰਫ ਮਨੁੱਖ ਦੀ ਹੋਂਦ ਨੂੰ ਪਛਾਣਦਾ ਹੈ। ਵਿਕਰਮ ਨੇ ਪਿਛਲੀ ਵਾਰੀ ਸੁਧੀਰ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਜਨੇਵਾ ਵਿਚ ਇਕ ਅੰਤਰ-ਰਾਸ਼ਟਰੀ ਸਿਧਾਂਤ ਦਰਜ ਹੈ ਕਿ ਜੇ ਦੋ ਦੇਸ਼ਾਂ ਦੀਆਂ ਹੱਦਾਂ ਤੇ ਲੜਾਈ ਵੇਲੇ ਇਕ ਸਿਪਾਹੀ ਦੂਜੇ ਦੇਸ਼ ਦੇ ਸਿਪਾਹੀ ਨੂੰ ਬਚਾਵੇਗਾ ਤਾਂ ਉਸ ਨੂੰ ਗੱਦਾਰ ਕਰਾਰ ਕੀਤਾ ਜਾਵੇ, ਜਿਸ ਦੀ ਸਜ਼ਾ ਮੌਤ ਹੈ।ਪਰ ਇਸਦੇ ਲਈ ਸਿਰਫ ਡਾਕਟਰ ਨੂੰ ਛੋਟ ਹੈ, ਉਹ ਕਿਸੇ ਨੂੰ ਵੀ ਬਚਾ ਸਕਦਾ ਹੈ। ਉਸ ਦਾ ਕੰਮ ਹੀ ਬਚਾਉਣਾ ਹੈ। ਵਿਕਰਮ ਨੇ ਫਿਰ ਇਹ ਵੀ ਕਿਹਾ ਸੀ ਸਿਰਫ ਡਾਕਟਰ ਹੀ ਕਿਓਂ, ਜੀਣਾ ਤੇ ਬਚਾਉਣਾ ਹਰ ਮਨੁੱਖ ਦਾ ਸਿਧਾਂਤ ਹੈ, ਹਰ ਇਕ ਲਈ ਹੋਣਾ ਚਾਹੀਦਾ ਹੈ।

ਵਿਕਰਮ ਅੰਮ੍ਰਿਤਸਰ ਜਾ ਰਿਹਾ ਹੈ। ਸੁਧੀਰ ਪਤਾ ਨਹੀਂ ਕਿਥੇ ਜਾਣ ਦੀ ਸੋਚ ਰਿਹਾ। ਕਰਨਾਲ ਜਾਂ ਕੁਰੂਕਸ਼ੇਤਰ ਜਾਵੇਗਾ। ਹੋਰ ਇਸ ਤੋਂ ਦੂਰ ਕਿਥੇ ਜਾ ਸਕੇਗਾ। ਬਾਊ ਜੀ ਵੀ ਤਾਂ ਸੰਤਾਲੀ ਵਿਚ ਅਬੋਹਰ ਆ ਕੇ ਬੈਠ ਗਏ ਹੱਦ ਦੇ ਨੇੜੇ। ਜਿਵੇਂ ਇਥੇ ਬੈਠੇ ਸਭ ਕੁਝ ਦਿਸਦਾ ਰਹੇਗਾ। ਹੱਦੋਂ ਪਾਰ ਦਾ। ਦਿਸਦਾ ਹੀ ਹੈ। ਕਦੋਂ ਦਿਸਣੋਂ ਬੰਦ ਨਹੀਂ ਹੋਇਆ। ਸਤਾਰਾਂ ਵਰਿਆਂ ਦਾ ਬਿਤਾਇਆ ਸਮਾਂ। ਸੰਗੀ-ਸਾਥੀ ਸਭ ਤਾਂ ਦਿਸਦੇ ਰਹੇ। ਹੁਣ ਤਕ ਦਿਸਦੇ ਨੇ। ਕਈਆਂ ਦੇ ਖਤ ਤਕ ਆਂਦੇ ਰਹੇ। ਬਾਊ ਜੀ ਸੋਚਦੇ, ਕਿਹੜੇ ਹੱਥ ਚਿੱਠੀਆਂ ਪਾਂਦੇ ਨੇ ਤੇ ਕਿਹੜੇ ਹੱਥ ਕੱਟ-ਵੱਢ ਕਰਦੇ ਨੇ?

ਸ਼ਾਮ ਨੂੰ ਬਾਊ ਜੀ ਨੇ ਆਲ ਇੰਡੀਆ ਰੇਡੀਓ ਲਾਇਆ। ਪ੍ਰੋਗਰਾਮ ਆ ਰਿਹਾ ਸੀ, 'ਆਵਾਜ਼ ਦੇ ਕਹਾਂ ਹੈ,...।' ਕਿਸ ਨੂੰ ਆਵਾਜ਼ਾਂ ਦੇ ਰਹੇ ਹਾਂ? ਆਪਣੇ ਦੋਸਤਾਂ ਨੂੰ! ਪੜੋਸੀਆਂ ਨੂੰ! ਹੱਦ ਦੇ ਉਸ ਪਾਰੋ! ਆਵਾਜ਼ਾਂ ਹੀ ਦੇਣੀਆਂ ਨੇ ਤਾਂ ਹੱਦਾਂ ਕਿਉਂ? ਪਰ ਅਵਾਜ਼ਾਂ ਦੇਣ ਵਾਲੇ ਤਾਂ ਹੱਦਾਂ ਬਣਾਉਣ ਵਾਲੇ ਨਹੀਂ ਉਹ ਤਾਂ ਹੋਰ ਹੀ ਨੇ। ਨਾਲੇ ਉਹਨਾਂ ਨੂੰ ਅਵਾਜ਼ਾਂ ਦੇਣ ਦੀ ਜ਼ਰੂਰਤ ਵੀ ਨਹੀਂ ਪੈਂਦੀ।

ਰਾਤੀਂ ਮੁੜਦਿਆਂ ਸੁਧੀਰ ਇਕ ਹੋਰ ਖਬਰ ਲੈ ਆਇਆ, ਅੱਜ ਤਾਂ ਆਪਣੇ ਨੇੜੇ ਹੀ ਹਾਦਸਾ ਵਾਪਰ ਗਿਆ। ਬੱਸਾਂ 'ਚੋਂ ਲਾਹਕੇ, ਛਾਂਟ ਛਾਂਟ ਕੇ ਮਾਰੇ।

ਬਾਊ ਜੀ ਰੋਟੀ ਖਾਕੇ ਪੈ ਗਏ। ਪਰ ਨੀਂਦ ਨਹੀਂ ਸੀ ਆ ਰਹੀ। ਸਰੀਰ ਕੁਝ ਥਕਿਆ-ਥਕਿਆ, ਟੁੱਟਿਆ ਜਿਹਾ ਲਗਿਆ। ਜਿਵੇਂ ਮਾੜਾ-ਮੋਟਾ ਬੁਖਾਰ ਹੀ ਹੋਵੇ।ਸੁਧੀਰ ਨੇ ਥਰਮਾਮੀਟਰ ਲਾਕੇ ਬੁਖਾਰ ਦੇਖਿਆ। ਪਰ ਬੁਖਾਰ ਹੈ ਨਹੀਂ ਸੀ। ਕਮਜ਼ੋਰੀ ਕਰਕੇ ਲੱਗ ਰਿਹਾ ਸੀ। ਦਵਾਈ ਖਾ ਕੇ ਪੈ ਗਏ।

ਵਿਕਰਮ ਦਸ ਦਿਨਾਂ ਤਕ ਵੀ ਨਹੀਂ ਆ ਸਕਿਆ। ਕੋਈ ਏਡਾ ਜ਼ਰੂਰੀ ਵੀ ਨਹੀਂ ਸੀ। ਛੁੱਟੀਆਂ ਕਰਕੇ ਮਿਲਣ ਆਉਣਾ ਸੀ, ਇਕ ਅੱਧੇ ਦਿਨ ਲਈ। ਬਾਕੀ ਜੇਕਰ ਬਾਊ ਜੀ ਦੀ ਬਿਮਾਰੀ ਦਾ ਪਤਾ ਹੁੰਦਾ ਤਾਂ ਉਚੇਚੇ ਕਰਕੇ ਵੀ ਆ ਜਾਂਦਾ। ਵਿਕਰਮ ਕਰੀਬ ਮਹੀਨੇ ਪਿਛੋਂ ਆਇਆ ਅੰਮ੍ਰਿਤਸਰ ਵਿਚ ਮਕਾਨ ਲੈਕੇ, ਸੈੱਟ ਹੋਣ ਮਗਰੋਂ। ਬਾਊ ਜੀ ਨੂੰ ਵੇਖਣ ਤੇ ਕਿਹਾ, 'ਆਹ ਕਿਵੇਂ! ਸੰਨਿਆਸੀਆਂ ਵਾਲਾ ਰੂਪ ਬਣਾਇਆ?'

'ਉਮਰ ਤਾਂ ਸੰਨਿਆਸੀ ਵਾਲੀ ਹੈ, 'ਬਾਊ ਜੀ ਨੇ ਆਪਣੇ ਬਿਮਾਰ ਹੋਣ ਬਾਰੇ ਦਸਿਆ ਤੇ ਫਿਰ ਜਦੋਂ ਉਹਨਾਂ ਦਿਨਾਂ 'ਚ ਸ਼ੇਵ ਨਾ ਕੀਤੀ ਤੇ ਦਾੜ੍ਹੀ ਦੇ ਵਾਲ ਕਾਫੀ ਵੱਧ ਜਾਣ ਪਿਛੋਂ ਨਾ ਕਟਾਉਣ ਦਾ ਹੀ ਫੈਸਲਾ ਲੈ ਲਿਆ। ਵਿਕਰਮ ਨੇ ਕਿਹਾ, ਇਹ ਤਾਂ ਠੀਕ ਹੈ, ਪਰ ਜਦੋਂ ਹੋਰ ਕੁਝ ਨਾ ਕਰਨਾ ਹੋਵੇ, ਘੱਟ ਤੋਂ ਘੱਟ ਰੁਟੀਨ ਵਿਚ ਕੋਈ ਤਾਂ ਰੁਝੇਵਾਂ ਜ਼ਰੂਰੀ ਹੈ। ਤਿਆਰ ਹੋ ਕੇ ਬਾਹਰ ਜਾਣਾ, ਮਿਲਣਾ-

ਜੁਲਣਾ, ਲਾਇਬਰੇਰੀ ਵਗੈਰਾ ਜਾਂ ਪਰਕ ਕਿਥੇ ਵੀ ਘੁੰਮ ਆਉਣਾ ਇਸ ਵਿਚ ਜ਼ਿਆਦਾ ਚੰਗਾ ਨਹੀਂ ਲਗਦਾ ? ਘਰੇ ਪਏ ਰਹਿਣਾ, ਚੁੱਪ-ਚਾਪ ਗੁੰਮ ਸੁੰਮ, ਇਹ ਸਭ ਉਦਾਸੀ ਦੇ ਭਾਵ ਨੇ ਬਾਊ ਜੀ।'

'ਬਾਹਰ ਵੀ ਉਹ ਮੇਲ-ਮਿਲਾਪ ਨਹੀਂ ਰਿਹਾ। ਸਭ ਆਪਣੇ ਆਪ ਵਿਚ ਸੁੰਗੜ ਜਿਹੇ ਗਏ ਨੇ।'

'ਨਹੀਂ ਬਾਊ ਜੀ, ਮੇਲ-ਮਿਲਾਪ ਦੀ ਖ਼ੁਹਾਇਸ਼ ਤਾਂ ਰਹਿੰਦੀ ਹੈ, ਅੱਜ ਦੇ ਯੁੱਗ ਵਿਚ ਤਾਂ ਸਗੋਂ ਵੱਧ ਗਈ ਹੈ। ਪਰ ਜਦੋਂ ਕੋਈ ਨਾ ਮਿਲਣ ਦੀ ਸੋਚ ਲਵੇ ਤਾਂ ਫਿਰ ਸੁੰਗੜਨੀ ਹੀ ਹੈ। ਜਿਵੇਂ ਹੁਣ ਤੁਸੀਂ ਸੋਚੀ ਜਾਂਦੇ ਹੋ, ਸਾਰੇ ਹੀ ਇਸ ਤਰਾਂ ਸੋਚ ਲੈਣ ਤਾਂ ਇਹ ਸੁੰਗੜ ਹੀ ਜਾਵੇਗੀ। ਵਿਕਰਮ ਨੇ ਕਿਹਾ ਤੇ ਫਿਰ ਉਠ ਖੜਿਆ, 'ਚੰਗਾ ਫਿਰ ਮੈਂ ਬਜ਼ਾਰ ਤਕ ਹੋ ਆਉਣਾ, ਭਾਈ ਸਾਹਿਬ ਤਾਂ ਦੁਕਾਨ ਤੇ ਹੋਣਗੇ। ਤੇ ਹਾਂ ਮੈਂ ਡਾਕਟਰ ਨਵਤੇਜ ਕੋਲ ਵੀ ਜਾਣਾ ਹੈ, ਮੇਰਾ ਕੁਲੀਗ ਸੀ ਪਟਿਆਲੇ, ਹੁਣੇ ਮੇਰੇ ਨਾਲ ਹੀ ਬਦਲ ਕੇ ਉਹ ਇਥੇ ਸਿਵਲ ਹਸਪਤਾਲ ਆਇਆ ਹੈ, ਤੁਹਾਨੂੰ ਮਿਲਾ ਜਾਵਾਂਗਾ' ਵੇਲੇ-ਕੁਵੇਲੇ ਸਹੂਲਤ ਹੀ ਹੁੰਦੀ ਹੈ। ਮਿਲਣਸਾਰ ਵੀ ਹੈ।'

'ਸੁਧੀਰ ਤਾਂ ਹੋਣਾ ਨਹੀਂ, ਉਹ ਤਾਂ ਕਰਨਾਲ ਗਿਆ ਹੈ। ਸ਼ਾਮ ਤਕ ਭਾਵੇਂ ਮੁੜੇ। ਉਸ ਨੇ ਆਪਣਾ ਇਕ ਹੋਰ ਫਰ-ਨੀਚਰ ਹਾਊਸ ਉਥੇ ਖੋਲਿਆ ਹੈ ਪਿਛਲੇ ਮਹੀਨੇ, ਉਸ ਦਾ ਸਾਲਾ ਉਥੇ ਬੈਠਦਾ ਹੈ ਅਜੇ ਤਾਂ, ਮਹੀਨੇ ਕੁ ਤਕ ਪੂਰਾ ਹੀ ਸਿਫਟ ਕਰ ਜਾਵੇਗਾ।'

ਅੱਛਾ ! ਪਰ ਕਿਉਂ ? ਵਿਕਰਮ ਨੇ ਹੈਰਾਨ ਹੋ ਕੇ ਪੁਛਿਆ।

'ਕਹਿੰਦਾ ਹੈ ਹਾਲਾਤ ਮਾੜੇ ਨੇ। ਕਾਰੋਬਾਰ ਠੱਪ ਹੋ ਰਿਹਾ ਹੈ।

'ਵੈਸੇ ਬਾਊ ਜੀ, ਬਿਜਨਿਸ ਵਿਚ ਪੈਕੇ ਬੰਦੇ ਨੂੰ ਕੁਝ ਨਹੀਂ ਦਿਸਦਾ। ਬੱਸ ! ਹਰਦਮ ਚੰਗਾ-ਮਾੜਾ, ਨਫਾ ਨੁਕਸਾਨ। ਤੇ ਵਿਕਰਮ ਬਾਜ਼ਾਰ ਵੱਲ ਨੂੰ ਤੁਰ ਪਿਆ।

ਸ਼ਾਮ ਨੂੰ ਜਦੋਂ ਸੁਧੀਰ ਕਰਨਾਲ ਤੋਂ ਮੁੜਿਆ ਤਾਂ ਵਿਕਰਮ ਬਾਊ ਜੀ ਕੋਲ ਬੈਠਾ ਸੀ। ਸੁਧੀਰ ਨੇ ਆਉਂਦੇ ਹੀ ਵਿਕ-ਰਮ ਕੋਲ ਪਹਿਲਾਂ ਗੱਲ ਛੇੜੀ, ਹੋਰ ਫਿਰ ਕਰ ਆਇਐਂ ਜਵਾਇਨ ਅੰਮ੍ਰਿਤਸਰ। ਵੈਸੇ ਉਥੇ ਜਾਣਾ ਜ਼ਰੂਰੀ ਸੀ ? ਉਸ ਨਾਲੋਂ ਤਾਂ ਪਟਿਆਲੇ ਹੀ ਰਹਿ ਲੈਂਦਾ। ਪਟਿ-ਆਲੇ ਦਾ ਮਾਹੌਲ ਤਾਂ ਫਿਰ ਵੀ ਕੁਝ ਚੰਗਾ ਹੈ।'

'ਡਾਕਟਰੀ ਵਿਚ ਕਿਹੜਾ ਚੰਗਾ-ਮਾੜਾ ਭਾਈ ਸਾਹਿਬ, ਇਹ ਤਾਂ ਬਿਜਨਿਸ ਵਿਚ ਹੁੰਦਾ ਹੈ।

ਜ਼ਿੰਦਗੀ ਨਾਲੋਂ ਤਾਂ ਵੱਧ ਕੁਝ ਨਹੀਂ।' ਸੁਧੀਰ ਨੇ ਕਿਹਾ।

'ਇਹੋ ਤਾਂ ਮੈਂ ਕਹਿੰਦਾ। ਜ਼ਿੰਦਗੀ ਤੋਂ ਵਧ ਕੀ ਹੈ। ਪਰ ਸਮਸਿਆ ਇਹ ਹੈ ਕਿ ਕਿਸੇ ਨੂੰ ਇਸ ਦਾ ਖਤਰਾ ਖਤਰਾ ਨਹੀਂ ਲਗਦਾ। ਵਿਉਪਾਰੀ ਦਾ ਬਿਜਨਿਸ ਖਤਰੇ 'ਚ ਹੈ, ਧਾਰਮਿਕ ਲੋਕਾਂ ਦਾ ਧਰਮ ਖਤਰੇ 'ਚ ਹੈ ਆਦਮੀਅਤ ਖਤਰੇ 'ਚ ਹੈ, ਇਸ ਦੀ ਕਿਸੇ ਨੂੰ ਕੋਈ ਪਰਵਾਹ ਨਹੀਂ। ਜੇਕਰ ਆਦਮੀ ਬਣ ਕੇ ਰਹਿਣਾ ਹੈ, ਫਿਰ ਤਾਂ ਪਟਿਆਲੇ ਵੀ ਆਦਮੀ ਤੇ ਅੰਮ੍ਰਿਤਸਰ ਵੀ ਆਦਮੀ, ਕਰਨਾਲ ਵੀ। ਪਰ ਜੇਕਰ ਆਦਮੀ ਦੇ ਨਾਲ ਕੁਝ ਹੋਰ ਵੀ ਬਣਨਾ ਹੈ, ਤਾਂ ਫਿਰ ਗੱਲ ਹੀ ਵੱਖਰੀ ਹੈ। ਆਪਣਾ ਤਾਂ ਫਾਰਮੂਲਾ ਹੀ ਇਕੋ ਹੈ। ਦਵਾਈ ਲਾਉਣੀ, ਪੱਟੀ ਕਰਨੀ। ਨਾ ਨਫਾ—ਨਾ ਨੁਕਸਾਨ। ਤੁਸੀਂ ਭਾਈ ਸਾਹਿਬ, ਇਹ ਫੈਸਲਾ ਕਰ ਹੀ ਲਿਆ ਹੈ ?'

ਹਾਂ ! ਫੈਸਲਾ ਤਾਂ ਮੈਂ ਕਦੋਂ ਦਾ ਕਰ ਲਿਆ ਹੈ, ਹੁਣ ਤਾਂ ਬਸ ਪੂਰੀ ਤਰਾਂ ਹੀ ਸ਼ਿਫਟ ਕਰ ਲੈਣਾ ਹੈ। ਪਹਿਲਾਂ ਅਖ-ਬਾਰ ਵਿਚ ਦਿਤਾ ਸੀ ਕਿ ਕੋਈ ਬਿਜਨਿਸ ਵਟਾ ਹੀ ਲਵੇ, ਪਰ ਅਬੋਹਰ ਆਉਣ ਨੂੰ ਕੋਈ ਤਿਆਰ ਹੀ ਨਹੀਂ। ਕਹਿੰਦੇ ਨੇ ਅਬੋਹਰ ਆਉਣ ਦਾ ਕੀ ਫਾਇਦਾ। ਅਬੋ-ਹਰ ਤਾਂ ਹੱਦ ਤੇ ਹੈ, ਪਤਾ ਨਹੀਂ ਕਿਧਰ ਜਾਵੇ। ਇਕ ਹਿਸਾਬ ਨਾਲ ਠੀਕ ਵੀ ਹੈ।

ਬਾਊ ਜੀ ਦੇ ਦੋ ਲੜਕੇ ਨੇ। ਦੋਵੇਂ ਹੀ ਸਾਹਮਣੇ ਬੈਠੇ ਨੇ। ਬਾਊ ਜੀ ਫਿਰ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰ ਰਹੇ ਨੇ। ਵਿਕਰਮ ਨੇ ਆਪਣੀ ਪੜ੍ਹਾਈ ਨਾਲ ਆਪਣੇ ਮਾਪਦੰਡ ਬਣਾਏ ਨੇ, ਸੁਧੀਰ ਨੇ ਆਪਣੇ ਮਾਹੌਲ ਤੋਂ ਆਪਣੀ ਸੋਚ ਨੂੰ ਵੱਡਾ ਕੀਤਾ ਹੈ। ਦੋਵਾਂ ਦੇ ਆਪਣੇ ਤਰਕ ਨੇ। ਫਰਕ ਸਿਰਫ ਉਸ ਵਰਗਾ ਹੈ, ਜਿਵੇਂ ਕਈ ਖਾਣ ਲਈ ਜਿਉਂਦਾ ਹੈ ਤੇ ਕੋਈ ਜਿਉਣ ਲਈ ਖਾਂਦਾ ਹੈ।

'ਬਾਊ ਜੀ, ਤੁਸੀਂ ਫਿਰ ਮੇਰੇ ਨਾਲ ਚਲੋ।' ਵਿਕਰਮ ਆਖਦਾ ਹੈ।

'ਤੇਰੇ ਕੋਲ ਜੀ ਨਹੀਂ ਲੱਗਣ ਬਾਊ ਜੀ ਦਾ। ਨਵਾਂ ਸ਼ਹਿਰ ਨਵੇਂ ਲੋਕ, ਤੁਸੀਂ ਡਿਊਟੀ ਤੇ। ਸੇਰੇ ਕੋਲ ਹੀ ਰਹਿਣਗੇ। ਦੁਕਾਨ ਹੈ, ਘਰ ਹੈ ਬਚੇ ਨੇ।'

ਗੱਲ ਬਾਊ ਜੀ ਦੇ ਸਾਹਮਣੇ ਹੋ ਰਹੀ ਹੈ। ਬਾਊ ਜੀ ਤੋਂ ਇਹ ਵੀ ਨਹੀਂ ਕਹਿ ਹੋ ਰਿਹਾ ਕਿ ਮੇਰੇ ਤੋਂ ਹੀ ਪੁੱਛ ਲਵੋ ਕਿ ਮੈਂ ਕਿਸ ਨਾਲ ਜਾਣਾ ਚਾਹੁੰਦਾ ਹਾਂ। ਜਾਣਾ ਚਾਹੁੰਦਾ ਹਾਂ ਵੀ ਕਿ ਨਹੀਂ। ਬਾਊ ਜੀ ਸੋਚ ਰਹੇ ਨੇ ਜੇ ਅੱਜ ਸੁਧੀਰ ਦੀ ਮਾਂ ਜ਼ਿੰਦੀ ਹੁੰਦੀ ਤਾਂ ਉਹ ਆਪ ਹੀ ਕਹਿੰਦਿੰਦੇ—ਮੈਂ ਨਹੀਂ ਜਾਣਾ ਕਿਸੇ ਨਾਲ ਵੀ।

UJJAL DOSANJH LAWYER

ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ

- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ
- ਇੰਮੀਗਰੇਸ਼ਨ ਦੀਆਂ ਅਪੀਲਾਂ
- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ

ਹੋਰ ਜਾਣਕਾਰੀ ਲਈ ਫ਼ੋਨ ਕਰੋ :

#202—5887 VICTORIA DRIVE,
VANCOUVER, B.C. V5P 3W5

ਉਜੱਲ ਦੁਸਾਂਝ
PHONE 327-6381

# ਹਿੰਦੂ ਫਿਰਕੂ ਕਟੜਤਾ ਦੀਆਂ ਨਿਵਾਣਾਂ ਡਾ: ਰਾਹੀ ਮਸੂਮ ਰਜ਼ਾ ਨੂੰ ਜਾਨੋਂ ਮਾਰਨ ਦੀ ਧਮਕੀ

ਅਜ ਕਲ ਟੀ.ਵੀ. ਉਤੇ ਚਲ ਰਹੇ ਸਭ ਤੋਂ ਹਰਮਨ-ਪਿਆਰੇ ਸੀਰੀਅਲ "ਮਹਾਂਭਾਰਤ" ਦੇ ਡਾਇਲਾਗ ਡਾ: ਰਾਹੀ ਮਸੂਮ ਰਜ਼ਾ ਨੇ ਲਿਖੇ ਹਨ। ਹਿੰਦੂ ਕਟੜਵਾਦੀਆਂ ਨੇ ਉਹਨਾਂ ਨੂੰ ਜਾਨ ਤੋਂ ਮਾਰ ਦੇਣ ਦੇ ਧਮਕੀ ਭਰੇ ਪੱਤਰ ਲਿਖੇ ਹਨ। ਉਹ ਪੱਤਰ, ਉਹਨਾਂ ਦੇ ਜਵਾਬ, ਜੋ ਡਾ: ਰਾਹੀ ਨੇ ਇਕ ਖੁਲ੍ਹੀ ਚਿੱਠੀ ਵਜੋਂ 'ਗੰਗਾ' ਦੇ ਸੰਪਾਦਕ ਕਮਲੇਸ਼ਵਰ ਨੂੰ ਲਿਖਿਆ ਹੈ ਉਸਦਾ ਕੁਝ ਹਿੱਸਾ ਹੇਠਾਂ ਛਾਪ ਰਹੇ ਹਾਂ.

ਯਾਰ ਕਮਲੇਸ਼ਵਰ !

ਜਦ ਰੁਸ਼ਦੀ ਨੇ ਰਾਜੀਵ ਗਾਂਧੀ ਨੂੰ ਇਕ ਖੁਲੀ ਚਿੱਠੀ ਲਿਖੀ ਤਾਂ ਮੇਰਾ ਵੀ ਦਿਲ ਕੀਤਾ ਕਿ ਤੈਨੂੰ ਇਕ ਖੁਲੀ ਚਿਠੀ ਲਿਖ ਮਾਰਾ ਕਿਉਂਕਿ ਸਰਵ ਸ੍ਰੀ ਰਾਜੀਵ ਗਾਂਧੀ ਨੂੰ ਖੁਲੀ ਚਿਠੀ ਲਿਖਣ ਦਾ ਕੋਈ ਮਤਲਬ ਹੀ ਨਹੀਂ ਹੈ। ਉਹ ਤਾਂ ਉਨਾਂ ਚਿਠੀਆਂ ਦਾ ਜਵਾਬ ਦੇਣ ਦਾ ਕਸ਼ਟ ਹੀ ਨਹੀਂ ਕਰਦੇ ਜਿਹੜੀਆਂ ਉਹਨਾਂ ਨੂੰ ਰਜਿ: ਲਿਫ ਫਿਆਂ ਵਿਚ ਭੇਜੀਆਂ ਜਾਂਦੀਆਂ ਹਨ। ਪਾਰਵਤੀ ਖਾਨ ਵਾਲੇ ਝਗੜੇ ਵਿਚ ਮੈਂ ਉਹਨਾਂ ਨੂੰ ਤੇ ਰਾਸ਼ਟਰਪਤੀ ਨੂੰ ਚਿਠੀਆਂ ਲਿਖ ਕੇ ਦੇਖ ਚੁਕਿਆ ਹਾਂ। ਇਹਨਾਂ ਲੋਕਾਂ ਦੀ ਸਮਸਿਆ ਦੀ ਗੰਭੀਰਤਾ ਵਿਚ ਕੋਈ ਦਿਲਚਸਪੀ ਨਹੀਂ ਹੈ। ਇਹ ਲੋਕ ਤਾਂ ਇਹ ਦੇਖਦੇ ਨੇ ਕਿ ਕਿਸ ਮਸਲੇ ਤੇ ਕਦੋਂ ਬੋਲਣ ਤੇ ਉਨਾਂ ਦੀਆਂ ਕੁਰਸੀਆਂ ਨੂੰ ਫਾਇਦਾ ਹੁੰਦਾ ਹੈ।ਇਹ ਨਾ ਤਾਂ ਹਿੰਦੂਆਂ ਦੇ ਹਨ ਨਾਂ ਹੀ ਮੁਸਲਮਾਨਾਂ ਦੇ ਤੇ ਨਾ ਹਿੰਦੋਸਤਾਨ ਦੇ। ਇਹ ਤਾਂ ਚੜ੍ਹਦੇ ਸੂਰਜ ਵਲ ਪਿਠ ਕਰੀ ਬੈਠੇ ਹਨ ਕਿ ਸਵੇਰ ਨਾ ਹੋਣ ਵਿਚ ਹੀ ਇਨਾਂ ਦੀ ਭਲਾਈ ਹੈ।...

ਮੈਂ ਰੁਸ਼ਦੀ ਦੀ ਕਿਤਾਬ ਨਹੀਂ ਪੜੀ ਇਸ ਲਈ ਮੈਂ ਉਸ ਕਿਤਾਬ ਬਾਰੇ ਕੋਈ ਰਾਏ ਨਹੀਂ ਦੇ ਸਕਦਾ। ਪਰ ਮੈਂ ਉਸਦੀਆਂ ਪਹਿਲੀਆਂ ਦੋਵੇਂ ਕਿਤਾਬਾਂ ਪੜੀਆਂ ਹਨ ਜੋ ਕਿ ਮੈਨੂੰ ਬਹੁਤ ਬੁਰੀਆਂ ਲਗੀਆਂ ਸਨ, ਇਸ ਲਈ ਮੇਰੇ ਖਿਆਲ 'ਚ ਇਹ ਕਿਤਾਬ ਵੀ ਉਨੀਂ ਚੰਗੀ ਤਾਂ ਨਹੀਂ ਹੋ ਸਕਦੀ ਜਿੰਨੀ ਕਿ ਦਸੀ ਜਾਂਦੀ ਹੈ ! ਮੈਨੂੰ ਤਾਂ ਇੰਜ ਲਗਦਾ ਕਿ ਸਰਕਾਰੀ ਕਰਮਚਾਰੀਆਂ ਨੂੰ ਰਿਸ਼ਵਤ ਖਵਾ ਕੇ ਇਹ ਕਿਤਾਬ ਬੈਨ ਕਰਵਾਈ ਗਈ ਹੈ।

'ਇੰਡੀਅਨ ਐਕਸਪਰੈਸ' ਵਿਚ ਕੁਰਾਨ ਦੇ ਬਾਰੇ ਅਰੁਨ ਸ਼ੋਰੀ ਦਾ ਲੇਖ ਮੈਂ ਪੜਿਆ ਹੈ। ਇਹ ਲੇਖ ਅਜਿਹਾ ਹੈ ਜਿਸ ਨੂੰ ਸਰਕਾਰ ਨੂੰ ਸੈਂਸਰ ਕਰਨਾ ਚਾਹੀਦ ਹੈ ਤੇ ਅਰੁਨ ਸ਼ੋਰੀ ਤੇ ਮੁਕਦਮਾ ਚਲਾਣ, ਚਾਹੀਦਾ ਹੈ। ਜਿਹੜਾ ਆਦਮੀ ਹਦੀਸ ਤੇ ਕੁਰਾਨ ਵਿਚ ਫਰਕ ਹੀ ਨਹੀਂ ਕਰ ਸਕਦਾ ਉਸ ਨੂੰ ਇਸ ਯਾਇਸ ਵਰਗੇ ਵਾਲਾਂ ਤੇ ਕਲਮ ਅਜ਼ਮਾਣ ਦਾ ਕੋਈ ਹੱਕ ਹੀ ਨਹੀਂ ਫਿਰ ਵੀ ਇਹ ਦੇਖਣਾ ਹੈ ਕਿ ਜਿਨਾਂ ਹਦੀਸਾਂ ਦੀ ਗੱਲ ਕੀਤੀ ਜਾ ਰਹੀ ਹੈ, ਉਹ ਠੀਕ ਹਨ ਯਾ ਨਹੀਂ। ਕੁਰਾਨ ਹਦੀਸ ਦੀ ਕਸੌਟੀ ਹੈ। ਜਿਹੜੀ ਹਦੀਸ ਕੁਰਾਨ ਦੀ ਕਸੌਟੀ ਤੇ ਖਰੀ ਨਾ ਉਤਰਦੀ ਹੋਵੇ ਉਹ ਗਲਤ ਹੈ। ਅਰੁਨ ਸ਼ੋਰੀ ਪਹਿਲਾਂ ਵੀ 'ਇੰਡੀਅਨ ਐਕਸਪ੍ਰੈਸ' ਵਿਚ ਅਜਿਹੇ ਲੇਖ ਲਿਆ ਚੁਕੇ ਹਨ ਜੋ ਹਿੰਦੂ ਤੇ ਮੁਸਲਮਾਨ ਦੋਹਾਂ ਹੀ ਕਟੜ-ਪੰਥੀਆਂ ਦੀ ਮਦਦ ਕਰਦੇ ਹਨ। ਮੈਂ ਜਾਨਣਾ ਚਾਹੁੰਦਾ ਹਾਂ ਕਿ ਇਹ ਪ੍ਰੈਸ ਕੌਂਸਲ ਕਿਸ ਮਰਜ਼ ਦੀ ਦਵਾ ਹੈ।

ਆਓ, ਹੁਣ ਦੂਜੀ ਗੱਲ ਕਰੀਏ ! ਮੈਂ ਹੇਠਾਂ ਇਕ ਖਤ ਦੀ ਨਕਲ ਪੇਸ਼ ਕਰ ਰਿਹਾ ਹਾਂ। ਮੈਨੂੰ ਤਾਂ ਇਨਾਂ ਖਤਾਂ ਦੀ ਆਦਤ ਪੈ ਗਈ ਹੈ। ਅਜਿਹੇ ਖਤ ਮੈਨੂੰ ਹਿੰਦੂ ਵੀ ਲਿਖਦੇ ਹਨ ਤੇ ਮੁਸਲਮਾਨ ਵੀ ਪਰ ਇਹ ਖਤ ਪਿਛਲੇ ਖਤਾਂ ਨਾਲੋਂ ਕੁਝ ਅਗੇ ਵਧਿਆ ਹੋਇਆ ਹੈ। ਤੁਹਾਡੇ ਪਾਠਕਾਂ ਲਈ ਮੈਂ ਇਸ ਖਤ ਦੀ ਇਕ ਫੋਟੋਸਟੇਟ ਕਾਪੀ ਭੇਜ ਰਿਹਾ ਹਾਂ ਅਤੇ ਉਨਾਂ ਕੋਲੋਂ ਇਹ ਸਵਾਲ ਪੁਛਦਾ ਹਾਂ ਕਿ ਕਿ ਇਸ ਖਤ ਦਾ ਜਵਾਬ ਕੌਣ ਦੇਵੇਗਾ ?

Sir,

We are very much surprised to see Mahabharat a great Hindu epic on TV written by you. It is indeed an absurdity & straight insult to Hindu religion that such low quality dialougues for such great epic is written by a traitor, outsider and pro Pakistani like you. It is in your and your community interest that you should stop writing dialogues for Mahabharat and you are being Muslim and anti Hindu mind you own business and go out of India and settle in Pakistan failing which we will take hard action against you when you won't get chance to repent. Get lost from our holy country. Keep one thing in mind Muslims have no right whatsoever to stay in India.

Vijay Sagar Mohpatra,
President
Vishwa Hindu Hit Rakhha Samiti

C.C. to NNI

B.R. Chopra
Door Darshan

Sir,

You will publish above letter written to traitor Dr. Rahi Masoom Raza who has insulted Hindu religion by writing third grade dialogue of grade epic Mahabharat which will not be tolerated

# "ਟੀ. ਵੀ. ਸੀਰੀਅਲ ਮਹਾਂਭਾਰਤ ਦੇ ਡਾਇ-ਲਾਗ ਇਕ ਮੁਸਲਮਾਨ ਕਿਉਂ ਲਿਖ ਰਿਹੈ'

under any circumstances. If you don't stop him and allow him further to write dialogue about the TV Serial Mahabharat. we will blow up Door Darshan. JAI HI⌐D —BHARAT MATA KI JAI, HINDUSTAN ZINDABAD--VANDE MATARAM. Unless all holy Hin·u sites like Ramjanmabhumi, Krishna J.nmabhumi are haned over to Hindus in reasonable time it is our pledge that not a single Muslim will survive all over India,

Vijap Sagar Mohpatra
President
Vishwa Hindu Hit Raksha
Samiti, Varanasi.

ਪਹਿਲੀ ਤਾਂ ਇਹ ਦਸੋ ਕਿ ਇਹ ਖਤ ਅੰਗਰੇਜੀ ਵਿਚ ਕਿਉਂ ਲਿਖਿਆ ਗਿਆ ? ਫਿਰ ਇਹ ਦਸੋ ਕਿ ਇਹ ਖਤ ਇਨੀ ਗਲਤ ਮਲਤ ਅੰਗਰੇਜੀ ਵਿਚ ਕਿਉਂ ਲਿਖਿਆ ਗਿਆ। ਕੀ 'ਵਿਸ਼ਵ ਹਿੰਦੂ ਹਿਤ ਸੁਰਕਸ਼ਾ ਸਮਿਤੀ' ਦੀ ਸਰਕਾਰੀ ਭਾਸ਼ਾ ਅੰਗਰੇਜੀ ਹੈ ? ਮੈਂ ਤਾਂ ਇਸ ਖਤ ਨੂੰ ਵੀ ਦੂਜੇ ਖਤਾਂ ਵਾਂਗ ਰੱਦੀ ਦੀ ਟੋਕਰੀ ਵਿਚ ਸੁਟ ਦਿੰਦਾ। ਪਰ ਮੈਂ ਇਹ ਇਸ ਲਈ ਨਹੀਂ ਕੀਤਾ ਕਿ ਇਹ ਸਵਾਲ ਕਿ 'ਮਹਾਂਭਾਰਤ' ਨੂੰ ਇਕ ਮੁਸਲਮਾਨ ਕਿਉਂ ਲਿਖ ਰਿਹਾ ਹੈ, ਕਿਤੇ ਨਾ ਕਿਤੇ ਕੁਝ ਲੋਕਾਂ ਨੂੰ ਤੰਗ ਕਰ ਰਿਹਾ ਹੈ। ਜਦੋਂ ਤੋਂ ਇਹ ਗਲ ਲੋਕਾਂ ਨੂੰ ਪਤਾ ਲਗੀ ਹੈ ਕਿ ਟੀ. ਵੀ. ਸੀਰੀਅਲ 'ਮਹਾਭਾਰਤ' ਮੈਂ ਲਿਖ ਰਿਹਾ ਹਾਂ ਉਦੋਂ ਤੋਂ ਹੀ ਮੈਨੂੰ ਕੋਈ ਅਜਿਹਾ ਪਤਰਕਾਰ ਨਹੀਂ ਮਿਲਿਆ, ਜਿਸ ਨੇ ਜਾਂ ਤਾਂ ਸਿਧੇ-ਸਿਧੇ ਜਾਂ ਘੁਮਾ ਫਿਰਾ ਕੇ ਇਹ ਸਵਾਲ ਨਾ ਕੀਤਾ ਹੋਵੇ ਕਿ ਇਕ ਮੁਸਲਮਾਨ ਇਹ ਸੀਰਿਅਲ ਕਿਉਂ ਲਿਖ ਰਿਹਾ ਹੈ ? ਅਤੇ ਸੀਰਿਅਲ ਲਿਖਣਾ ਉਸ ਨੂੰ ਕਿਦਾਂ ਦਾ ਲਗ ਰਿਹਾ ਹੈ। ਹਾਲੀ ਕੁਝ ਦਿਨ ਪਹਿਲਾਂ ਹੀ ਇਕ ਬਾਲੜੀ ਜਿਹੀ ਪਤਰਕਾਰ ਨੇ ਮੈਨੂੰ ਇਹੋ ਸਵਾਲ ਕੀਤਾ ਤਾਂ ਮੈਂ ਗੁਸੇ ਵਿਚ ਰੋ ਹੀ ਪਿਆ ਅਤੇ ਉਹ ਵਿਚਾਰੀ ਘਬਰਾ ਗਈ।

## ਮਹਾਂਭਾਰਤ : ਸਾਡਾ ਹਿੰਦੋਸਤਾ-ਨੀਆਂ ਦਾ ਵਿਰਸਾ

ਸਵਾਲ ਇਹ ਹੈ ਕਿ 'ਮਹਾਂਭਾਰਤ' ਹਿੰਦੂਆਂ ਦੀ ਕਦੋਂ ਦੀ ਹੋ ਗਈ। ਇਹ ਮਹਾਂਕਾਵਿ ਸਾਡਾ ਹਿੰਦੋਸਤਾਨੀਆਂ ਦਾ ਵਿਰਸਾ ਹੈ ਤੇ ਮੈਂ ਕਿਸੇ ਹਿੰਦੂ ਨੂੰ ਇਹ ਹੱਕ ਨਹੀਂ ਦਿੰਦਾ ਕਿ ਉਹ ਮੈਨੂੰ ਇਹ ਸਵਾਲ ਪੁਛੇ ਕਿ ਮੈਂ 'ਮਹਾਂਭਾਰਤ' ਕਿਉਂ ਲਿਖ ਰਿਹਾ ਹਾਂ। 'ਮਹਾਂਭਾਰਤ' ਮੇਰੇ ਵਤਨ ਦਾ ਵਰਤਮਾਨ ਹੈ ਅਤੇ ਮੈਂ ਆਪਣੇ ਵਤਨ ਦੇ ਭਵਿਖ ਲਈ ਇਸ ਨੂੰ ਲਿਖ ਰਿਹਾ ਹਾਂ ਅਤੇ ਇਹੀ ਮੇਰਾ ਫਰਜ ਵੀ ਹੈ। ਮੈਂ ਅਜ ਤਕ ਨਾਂ ਤਾਂ ਹਿੰਦੂਆਂ ਤੋਂ ਡਰ ਕੇ ਜਾਂ ਉਹਨਾਂ ਨੂੰ ਖੁਸ਼ ਕਰਨ ਲਈ ਕੁਝ ਲਿਖਿਆ ਹੈ ਨਾ ਹੀ ਲਿਖਾਂਗਾ। ਮੈਂ ਅਜ ਤਕ ਮੁਸਲਮਾਨਾਂ ਤੋਂ ਡਰ ਕੇ ਜਾਂ ਉਹਨਾਂ ਨੂੰ ਖੁਸ਼ ਕਰਨ ਲਈ ਵੀ ਕੁਝ ਨਹੀਂ ਲਿਖਿਆ ਅਤੇ ਨਾ ਹੀ ਕਦੇ ਲਿਖਾਂਗਾ !

ਤੈਨੂੰ ਯਾਦ ਹੋਵੇਗਾ ਕਿ ਜਦੋਂ ਤੂੰ 'ਸਾਰਿਕਾ' ਦਾ ਸੰਪਾਦਕ ਹੁੰਦਾ ਸੀ ਉਦੋਂ ਵੀ ਤੇਰੇ ਨਾਂ ਇਕ ਖੁਲ੍ਹੀ ਚਿਠੀ ਲਿਖਣ ਦੀ ਜ਼ਰੂਰਤ ਪਈ ਸੀ। ਯਾਰ ਕਮਲੇਸ਼ਵਰ ਇਹ ਮੌਸਮ ਤਾਂ ਬਦਲਣ ਦਾ ਨਾਂ ਹੀ ਨਹੀਂ ਲੈ ਰਿਹਾ।

ਆਰਥਿਕ ਦਲਦਲ ਵਿਚ ਫਸਿਆ ਇਹ ਦੇਸ 40 ਸਾਲਾਂ ਤੋਂ ਮਦਦ ਲਈ ਕੁਰਲਾ ਰਿਹਾ ਹੈ ਅਤੇ ਉਸ ਦੀ ਮਦਦ ਕਰਨਾ ਤਾਂ ਦੂਰ ਕੋਈ ਉਸਦੀ ਆਵਾਜ਼ ਸੁਣਕੇ ਉਸ ਵਲ ਅੱਖ ਚੁਕਕੇ ਵੀ ਨਹੀਂ ਦੇਖਦਾ ਅਤੇ ਮਜੇ ਦੀ ਗੱਲ ਇਹ ਕਿ ਅਸੀਂ ਇਸ ਦੇਸ਼ ਨੂੰ ਮਾਤਰ ਭੂਮੀ, ਮਾਦਰੇ-ਵਤਨ ਅਤੇ ਮਦਰ ਲੈਂਡ ਕਹਿੰਦੇ ਹਾਂ।

## ਉਹ ਕੌਣ ਨੇ ਦੇਸ਼ ਨੂੰ ਦਾਅ ਤੇ ਲਾਣ ਵਾਲੇ ?

ਯਾਰ ਆਪਣੇ ਪਾਠਕਾਂ ਨੂੰ ਕਹਿ ਕਿ ਇਹ ਦੇਸ਼ ਕਿਸੇ ਰਾਮ ਜਨਮ ਭੂਮੀ ਮੰਦਿਰ ਤੇ ਬਾਬਰੀ ਮਸਜਿਦ ਤੋਂ ਕਿਤੇ ਵੱਧ ਜ਼ਰੂਰੀ ਹੈ। ਜੇ ਉਹ ਮਸਜਿਦ ਹੈ ਤਾਂ ਵੀ ਇਸੇ ਦੇਸ਼ ਵਿਚ ਹੈ ਜੇ ਮੰਦਿਰ ਹੈ ਤਾਂ ਵੀ ਇਸੇ ਦੇਸ਼ ਵਿਚ ਹੈ। ਜੇ ਇਹ ਦੇਸ਼ ਹੀ ਨਾ ਰਿਹਾ ਤਾਂ ਨਾ ਰਾਮ ਜਨਮ ਭੂਮੀ ਮੰਦਿਰ ਹੀ ਬਚੇਗਾ ਤੇ ਨਾ ਹੀ ਬਾਬਰੀ ਮਸਜਿਦ ! ਤੇ ਲੋਕਾਂ ਨੂੰ ਇਹ ਵੀ ਸਮਝ ਲੈਣਾ ਚਾਹੀਦਾ ਕਿ ਇਸ ਕਿਸਮ ਦੇ ਝਗੜੇ ਅਦਾਲਤਾਂ ਵਿਚ ਹੱਲ ਨਹੀਂ ਹੁੰਦੇ ਕਿਉਂਕਿ ਜੇ ਕਿਸੇ ਅਦਾਲਤ ਨੇ ਇਹ ਫੈਸਲਾ ਦੇ ਦਿਤਾ ਕਿ ਉਹ ਮਸਜਿਦ ਨਹੀਂ ਸੀ ਤਾਂ ਇਹੋ ਸ਼ਹਾਬਦੀਨ ਇਹ ਕਹਿੰਦੇ ਹੋਏ ਦੁਹਾਈ ਦੇਣਗੇ ਕਿ ਹਿੰਦੂ ਅਦਾਲਤ ਤੋਂ ਹੋਰ ਉਮੀਦ ਹੀ ਕੀ ਕੀਤੀ ਜਾ ਸਕਦੀ ਹੈ ਤੇ ਜੇ ਅਦਾਲਤ ਨੇ ਇਹ ਫੈਸਲਾ ਦੇ ਦਿਤਾ ਕਿ ਇਥੇ ਮਸਜਿਦ ਹੀ ਰਹੇਗੀ ਤਾਂ ਵਿਸ਼ਵ ਹਿੰਦੂ ਪਰੀਸ਼ਦ ਇਹ ਕਹੇਗੀ ਕਿ ਸਰਕਾਰ ਦਾ ਭਾਂਡਾ ਭੱਜ ਗਿਆ। ਉਹ ਵੋਟਾਂ ਲਈ ਮੁਸਲਮਾਨ ਨੂੰ ਮਸਕਾ ਮਾਰ ਰਹੀ ਹੈ। ਦੋਵੇਂ ਹਾਲਤਾਂ ਵਿਚ ਸੜਕਾਂ ਤੇ ਖੂਨ ਡੁਲੇਗਾ। ਪਰ ਵਗਦੇ ਹੋਏ ਮਨੁੱਖੀ ਖੂਨ ਦੀ ਕੀਮਤ ਹੀ ਕੀ ਹੈ। ਇਹ ਸਾਰਾ ਦੇਸ਼ ਮੁਜ਼ਫਰ ਨਗਰ, ਖਤੌਲੀ ਤੇ ਅਲੀਗੜ੍ਹ ਬਣ ਜਾਵੇਗਾ—ਇਹਨਾਂ ਜਗਾ ਦੇ ਨਾਲ ਬਿਹਾਰ ਦੀਆਂ ਸੜੀਆਂ ਹਰੀਜਨ ਬਸਤੀਆਂ ਤੇ ਬਿਦਰ ਨੂੰ ਵੀ ਮਿਲਾ ਲਈਏ ਤਾਂ ਨਕਸ਼ਾ ਸਾਫ਼ ਹੋ ਜਾਂਦਾ ਹੈ ......।'

—ਬਹੁਤ ਪਿਆਰ ਨਾਲ
ਤੁਹਾਡਾ
ਰਾਹੀ ਮਾਸੂਮ ਰਜ਼ਾ
10, ਦੇਵਦੂਤ, ਬਾਂਦਰਾ
ਬੱਸ ਸਟੈਂਡ, ਬੰਬਈ।

## ਪਰ ਨਾ ਬੁੱਝਣ ਦੇਣਾ

ਜੰਗ ਬਹਾਦਰ ਸਿੰਘ ਘੁੰਮਣ

ਬੇਸ਼ੱਕ ਕਾਤਲ ਤਾਕਤਵਰ ਹੈ
ਪਰ ਜਿਉਣੀ ਜੋ ਅਸਲੀ ਗੱਲ ਹੈ।
ਉਹ ਚਾਹੁੰਦੇ ਨੇ
ਉੱਜੜੇ ਬਾਗ
ਨਾ ਫੁੱਲ ਰਹੇ
ਨਾ ਅਜਬ-ਸੁਹਾਣੀ
ਮਸ-ਭਿੰਨੀ ਉਸ ਦੀ ਬਾਸ
ਨਾ ਕੋਈ ਤਿਤਲੀ
ਨਾ ਕੋਈ ਭੌਰਾ
ਨਾ ਕੋਇਲ ਨਾ ਬੁਲ ਬੁਲ
ਦੇ ਗੀਤਾਂ ਚੋਂ ਲੱਭੇ
ਮਾਖਿਓ ਜਹੀ ਮਿਠਾਸ।
ਪਰ ਨਾ ਬੁੱਝਣ ਦੇਣਾ
ਘੁੱਪ ਹਨੇਰੇ
ਤੇਜ਼ ਤੂਫਾਨਾਂ ਵਿੱਚ ਵੀ
ਕੀਤਾ ਸੀ ਜੋ ਰੌਸ਼ਨ ਅਸਾਂ ਚਿਰਾਗ

# ਬੌਧਿਕ ਨਿਕਾਸ ਰਾਹੀਂ ਵਿਕਾਸ਼ਸੀਲ ਦੇਸ਼ਾਂ ਦੀ ਲੁੱਟ

## ਅਮਰੀਕਾ ਵਲੋਂ ਵਿਕਾਸਸ਼ੀਲ ਦੇਸ਼ਾਂ ਦੇ ਮਾਹਿਰਾਂ ਨੂੰ ਜਾਲ ਵਿਚ ਫਸਾਉਣਾ

'ਬੌਧਿਕ ਨਿਕਾਸ' ਦਾ ਸੰਕੇਤਕ ਸ਼ਬਦ ਸਭ ਤੋਂ ਪਹਿਲਾਂ 1963 ਵਿਚ ਬਰਤਾਨਵੀ ਪ੍ਰੈਸ ਵਿਚ ਸਾਹਮਣੇ ਆਇਆ। ਇਹ ਬਰਤਾਨਵੀ ਵਿਗਿਆਨੀਆਂ ਦੇ ਅਮ ੀਕਾ ਵਲ ਸਮੂਹ ਪ੍ਰਵਾਸ ਲਈ ਵਰਤਿਆ ਗਿਆ ਸ਼ੀ। ਉਹਨਾਂ ਦਿਨਾਂ ਵਿਚ ਇਹ ਪ੍ਰਕਿਰਿਆ ਸਿਰਫ ਪੱਛਮੀ ਦੇਸ਼ਾਂ ਵਿਚ ਸੀ। ਪੱਛਮੀ ਯੂਰਪ ਦੀ ਤੁਲਨਾ ਵਿਚ, ਅਮਰੀਕੀ ਵਿਗਿਆਨੀਆਂ, ਇੰਜੀਨੀਅਰਾਂ ਅਤੇ ਬਿਜੀਨਸਮੈਨਾਂ ਆਦਿ ਨੂੰ ਬਹੁਤ ਉੱਚੀਆਂ ਤਨਖਾਹਾਂ ਦਿਤੀਆਂ ਜਾਂਦੀਆਂ ਸਨ। ਇਸ ਕਾਰਨ ਉੱਚੀਆਂ ਤਨਖਾਹਾਂ ਪ੍ਰਾਪਤ ਕਰਨ ਦੇ ਲਾਲਚ ਵਿਚ ਆ ਕੇ ਬਹੁਤ ਸਾਰੇ ਵਿਗਿਆਨੀ ਅਮਰੀਕਾ ਚਲੇ ਗਏ। ਅਮਰੀਕੀ ਪ੍ਰੈਸ ਅਨੁਸਾਰ ਸੱਠਵਿਆਂ ਦੇ ਸ਼ੁਰੂ ਵਿਚ ਬਰਤਾਨੀਆ ਨੂੰ ਸਭ ਤੋਂ ਵਧ ਬੌਧਿਕ ਨਿਕਾਸ ਕਾਰਨ ਨੁਕਸਾਨ ਝੱਲਣਾ ਪਿਆ।

## ਵਿਕਾਸ਼ਸੀਲ ਦੇਸ਼ਾਂ ਦੀ ਘੋਰ ਲੁੱਟ

ਜਿਉਂ ਜਿਉਂ ਸਮਾਂ ਬੀਤਦਾ ਗਿਆ ਵਿਕਾਸਸ਼ੀਲ ਦੇਸ਼ਾਂ ਵਲੋਂ ਪ੍ਰਵਾਸ਼ ਪ੍ਰਕਿਰਿਆ ਤੇਜ ਹੋ ਗਈ ਅਤੇ ਹੁਣ ਇਹੀ ਵਿਕਾਸਸ਼ੀਲ ਦੇਸ਼ ਹਨ ਜਿਹਨਾਂ ਨੂੰ ਕਿ ਬੌਧਿਕ ਨਿਕਾਸ ਕਾਰਨ ਸਭ ਤੋਂ ਵਧ ਨੁਕਸਾਨ ਝੱਲਣਾ ਪੈ ਰਿਹਾ ਹੈ। ਸਿਰਫ ਬੀਤੇ 25 ਸਾਲਾਂ ਦੌਰਾਨ ਅਮਰੀਕਾ ਅਤੇ ਕੈਨੇਡਾ ਨੇ ਵਿਕਾਸਸ਼ੀਲ ਦੇਸ਼ਾਂ ਦੇ 825000 ਯੋਗਤਾ ਪ੍ਰਾਪਤ ਮਾਹਿਰਾਂ ਨੂੰ ਦਾਖਲਾ ਪ੍ਰਮਿੱਟ ਜਾਰੀ ਕੀਤੇ ਹਨ। ਜੇਕਰ ਅਸੀਂ ਇਹਨਾਂ ਅੰਕੜਿਆਂ ਵਿਚ ਵਿਕਾਸ਼ਸੀਲ ਦੇਸ਼ਾਂ ਵਲੋਂ ਵਿਕਸਤ ਦੇਸ਼ਾਂ ਵਲ ਆ ਰਹੇ ਸਿਖਿਅਤ ਪ੍ਰਵਾਸੀਆਂ ਦੀ ਗਿਣਤੀ ਵੀ ਸ਼ਾਮਲ ਕਰੀਏ ਤਾਂ ਇਸ ਸਬੰਧੀ ਸਮੁਚੇ ਅੰਕੜੇ ਬਹੁਤ ਹੀ ਵਧ ਜਾਂਦੇ ਹਨ। ਵਿਕਾਸ਼ਸੀਲ ਦੇਸ਼ਾਂ ਵਲੋਂ ਵਿਕਸਤ ਦੇਸ਼ਾਂ ਵਲ ਇਹਨਾਂ ਵਿਗਿਆਨੀਆਂ ਦੇ ਜਾਣ ਕਾਰਨ ਉਹਨਾਂ ਦੇ ਸਮਾਜਿਕ-ਆਰਥਿਕ ਅਤੇ ਵਿਗਿਆਨਕ-ਤਕਨੀਕੀ ਵਿਕਾਸ ਉਤੇ ਬਹੁਤ ਹੀ ਮਾੜਾ ਅਸਰ ਪੈਂਦਾ ਹੈ। ਵਿਕਾਸ਼ਸੀਲ ਦੇਸ਼ਾਂ ਵਿਚ ਇਕ ਮਾਹਰ ਦੀ ਵਿਦਿਆ ਅਤੇ ਟਰੇਨਿੰਗ ਉਤੇ ਅਨੁਮਾਨਤ 20,000 ਡਾਲਰ ਖਰਚ ਆਉਂਦਾ ਹੈ। ਇਸ ਲਈ ਕੌਮਾਂਤਰੀ ਬੌਧਿਕ ਨਿਕਾਸ ਨੂੰ ਸਾਧਨਾਂ ਦੀ ਦੀ ਟਰਾਂਸਫਰ ਦੇ ਇਕ ਰੂਪ ਵਜੋਂ ਲਿਆ ਜਾ ਸਕਦਾ ਹੈ।

ਆਪਣੇ ਵਿਕਾਸ ਦੀ ਡਿਗਰੀ ਦੇ ਬਾਵਜੂਦ ਲਗਭਗ ਸਾਰੇ ਵਿਕਾਸਸ਼ੀਲ ਦੇਸ਼ ਬੌਧਿਕ ਨਿਕਾਸ ਕਾਰਨ ਨੁਕਸਾਨ ਉਠਾ ਰਹੇ ਹਨ। ਭਾਰਤ ਦੀ ਉਦਾਹਰਨ ਲਵੋ ਅਮਰੀਕੀ ਵਿਉਪਾਰੀ ਭਾਰਤ ਦੀਆਂ ਯੂਨੀਵਰਸਟੀਆਂ ਵਿਚ ਹੀ ਬੁੱਧੀ ਦੀ ਖੋਜ ਕਰਨੀ ਸ਼ੁਰੂ ਕਰ ਦਿੰਦੇ ਹਨ। ਉਹ ਬਹੁਤ ਹੀ ਹੁਸ਼ਿਆਰ ਤੇ ਬੁੱਧੀਵਾਲੇ ਨੌਜਵਾਨਾਂ ਨੂੰ ਲੱਭ ਕੇ ਉਹਨਾਂ ਨੂੰ ਅਮਰੀਕਾ ਵਿਚ ਪੜ੍ਹਨ ਦਾ ਸੱਦਾ ਦਿੰਦੇ ਹਨ। ਸਾਰੇ ਭਾਰਤੀ ਵਿਦਿਆਰਥੀ ਜਿਹੜੇ ਬਦੇਸ਼ਾਂ ਵਿਚ ਪੜ੍ਹਦੇ ਹਨ ਉਹਨਾਂ ਵਿਚੋਂ ਇਕ ਤਿਹਾਈ ਅਮਰੀਕੀ ਯੂਨੀਵਰਸਟੀਆਂ ਵਿਚ ਗਰਾਂਟਾਂ ਪ੍ਰਾਪਤ ਕਰਦੇ ਹਨ। ਅਨੁਮਾਨਤ ਉਹਨਾਂ ਵਿਚੋਂ ਅੱਧੇ ਵਾਪਿਸ ਆਪਣੇ ਦੇਸ਼ੀ ਨਹੀਂ ਪਰਤਦੇ। ਇਹ ਸਿਰਫ ਭਾਰਤੀ ਵਿਦਿਆਰਥੀ ਹੀ ਨਹੀਂ ਜਿਹੜੇ ਅਮਰੀਕਾ ਅਤੇ ਦੂਸਰੇ ਪੱਛਮੀ ਦੇਸ਼ਾਂ ਵਿਚੋਂ ਡਿਗਰੀਆਂ ਤੇ ਡਿਪਲੋਮੇ ਪ੍ਰਾਪਤ ਕਰਦੇ ਹਨ ਅਤੇ ਉਥੇ ਹੀ ਵਸ ਜਾਂਦੇ ਹਨ ਭਾਰਤ ਦੀਆਂ ਬਹੁਤ ਹੀ ਜਿਆਦਾ ਵਕਾਰ ਵਾਲੀਆਂ ਵਿਦਿਅਕ ਸੰਸਥਾਵਾਂ ਵਿਚੋਂ ਵਿਦਿਆ ਪ੍ਰਾਪਤ ਕਰਨ ਵਾਲੇ ਨੌਜਵਾਨ ਭਾਰਤੀ ਮਾਹਿਰਾਂ ਦਾ ਵੀ ਇਹੀ ਹਾਲ ਹੈ। ਅਮਰੀਕੀ ਫਰਮਾਂ ਵਲੋਂ ਭਾਰਤੀ ਹਿਸਾਬ ਵਿਚ ਲਾਇਕ ਮੰਨੇ ਗਏ ਹਨ।

ਇਸ ਤੋਂ ਵੀ ਵਧ ਅਮਰੀਕੀ ਫਰਮਾਂ ਭਾਰਤ ਵਿਚ ਬਰਾਂਚਾਂ ਖੋਹਲਦੀਆਂ ਹਨ ਜਿਹੜੀਆਂ ਕਿ ਕੰਪਿਊਟਰ ਸਾਫਟਵੇਅਰ ਤਿਆਰ ਕਰਦੀਆਂ ਹਨ। ਅਮਰੀਕੀ ਇਹਨਾਂ ਦਾ ਪ੍ਰਬੰਧ ਚਲਾਉਂਦੇ ਹਨ ਅਤੇ ਭਾਰਤੀ ਉਹਨਾਂ ਲਈ ਕੰਮ ਕਰਦੇ ਹਨ। ਉਹਨਾਂ ਦੇ ਕੰਮ ਦੇ ਨਤੀਜੇ ਅਮਰੀਕਾ ਵਿਚ ਬਹੁਤ ਜ਼ਿਆਦਾ ਵਰਤੇ ਜਾਂਦੇ ਹਨ ਅਤੇ ਉਹਨਾਂ ਨੂੰ ਗੁਪਤ ਰਖਿਆ ਜਾਂਦਾ ਹੈ।

ਪ੍ਰੈਸ ਏਸ਼ੀਆ ਇੰਟਰ ਨੈਸ਼ਨਲ ਆਪਣੇ ਬੁਲਿਟਨ ਵਿਚ ਲਿਖਦਾ ਹੈ: ਸੱਚ ਇਸ ਤੱਥ ਵਿਚ ਹੈ ਕਿ ਪੱਛਮੀ ਦੇਸ਼ਾਂ ਤੇ ਸਭ ਤੋਂ ਪਹਿਲਾਂ ਅਮਰੀਕਾ ਬੌਧਿਕ ਨਿਕਾਸ ਰਾਹੀਂ ਭਾਰਤ ਦੇ ਵਿਗਿਆਨੀਆਂ ਅਤੇ ਤਕਨੀਕੀ ਅਮਲੇ ਨੂੰ ਖਿੱਚਦੇ ਹਨ। ਮਾਹਿਰਾਂ ਦੇ ਅਨੁਮਾਨਾਂ ਅਨੁਸਾਰ ਭਾਰਤ ਨੂੰ ਇਸ ਕਾਰਨ ਇਕ ਅਰਬ ਤੋਂ ਵਧ ਦਾ ਨੁਕਸਾਨ ਹੋਇਆ ਹੈ।

ਇਸ ਦੀ ਇਕ ਹੈਰਾਨ ਕਰਨਵਾਲੀ ਉਦਾਹਰਨ ਇਹ ਹੈ ਕਿ ਅਮਰੀਕਾ ਵਿਚ


- ਕਾਰ ਐਕਸੀਡੈਂਟ ਜਾਂ ਐਕਸੀਡੈਂਟ ਕਾਰਨ ਸੱਟਾਂ ਦਾ ਮਸਲਾ ਹੈ
- ਰੀਅਲ ਇਸਟੇਟ ਦਾ ਕੰਮ ਕਰਵਾਉਣਾ ਹੈ • ਕੰਪਨੀਆਂ ਨੂੰ ਰਜਿਸਟਰਡ ਕਰਵਾਉਣਾ ਹੈ

ਤਾਂ

**ਮਹਿਬੂਬ ਪਿਰਾਨੀ** ਬੈਰਿਸਟਰ ਤੇ ਸੌਲਸਿਟਰ ਨੂੰ ਮਿਲੋ

**Beck, Robinson & Co.**

700-686 West Broadway Vancouver,
B.C. V5X 1G6

ਫੋਨ : 874-0204

ਹਰੇਕ ਵੀਹਵਾਂ ਡਾਕਟਰ ਭਾਰਤੀ, [illegible] ਹੈ। ਇਸ ਦੇ ਨਾਲ ਹੀ ਭਾਰਤ ਵਿਚ ਤੇ ਵਿਸ਼ੇਸ਼ ਕਰਕੇ ਦਿਹਾਤੀ ਇਲਾਕਿਆਂ ਵਿਚ ਕਾਫੀ ਡਾਕਟਰ ਨਹੀਂ ਹਨ। ਚਾਰ ਹਜ਼ਾਰ ਲੋਕਾਂ ਪਿਛੇ ਸਿਰਫ ਇਕ ਡਾਕਟਰ ਹੈ।

ਭਾਰਤ ਨੇ ਇਹ ਕਮੀ ਘਟਾ ਕੇ ਅੱਧੀ ਕਰਨ ਦੀ ਯੋਜਨਾ ਬਣਾਈ ਹੈ, ਪਰ ਡਾਕਟਰਾਂ ਦੇ ਲਗਾਤਾਰ ਬਾਹਰ ਤੁਰੇ ਜਾਣ ਕਾਰਨ ਇਹ ਨਿਸ਼ਾਨਾਂ ਪ੍ਰਾਪਤ ਕਰਨਾ ਅਸੰਭਵ ਹੈ।

## ਪੋਲੈਂਡ ਤੋਂ ਬੌਧਿਕ ਨਿਕਾਸ

ਬੌਧਿਕ ਨਿਕਾਸ ਦੀ ਸਮਸਿਆ ਨੇ ਏਥੋਂ ਤਕ ਕਿ ਸਮਾਜਵਾਦੀ ਦੇਸ਼ਾਂ ਨੂੰ ਵੀ ਨਹੀਂ ਛੱਡਿਆ, ਪੋਲੈਂਡ ਵਿਚ ਇਹ ਸਮਸਿਆ ਸੱਚ-ਮੁੱਚ ਹੀ ਗੰਭੀਰ ਹੈ। ਸਰਕਾਰੀ ਪ੍ਰੈਸ ਦੇ ਨੁਮਾਇੰਦੇ ਈ. ਓਰਬਾਨ ਨੇ ਇਕ ਪ੍ਰੈਸ ਕਾਨਫਰੰਸ ਵਿਚ ਇਸ ਬਾਰੇ ਅੰਕੜੇ ਦਿਤੇ ਹਨ।

1983 ਅਤੇ 1987 ਦੇ ਦਰਮਿਆਨ ਪੋਲੈਂਡ ਵਿਚੋਂ 58.5 ਹਜ਼ਾਰ ਲੋਕਾਂ ਨੇ ਪ੍ਰਵਾਸ ਕੀਤਾ। ਇਹਨਾਂ ਵਿਚੋਂ ਪੰਜ ਹਜ਼ਾਰ ਲੋਕਾਂ ਨੇ ਉੱਚ ਵਿਦਿਆ ਹਾਸਿਲ ਕੀਤੀ ਹੋਈ ਸੀ। ਇਸ ਤੋਂ ਵੀ ਵਧ 117 ਹਜ਼ਾਰ ਪੋਲੈਂਡ ਨਾਗਰਿਕ ਅਣਮਿਥੇ ਸਮੇਂ ਲਈ ਬਦੇਸ਼ ਚਲੇ ਗਏ। ਇਹਨਾਂ ਵਿਚ 16.5 ਹਜ਼ਾਰ ਮਾਹਿਰ ਸਨ ਜਿਹਨਾ ਨੇ ਉੱਚ ਵਿਦਿਆ ਹਾਸਿਲ ਕੀਤੀ ਹੋਈ ਸੀ।

ਪੰਜ ਸਾਲਾਂ ਵਿਚ ਪੋਲੈਂਡ 21.5 ਹਜ਼ਾਰ ਉੱਚ ਵਿਦਿਆ ਪ੍ਰਾਂਪਤ ਮਾਹਿਰ ਗੁਆ ਬੈਠਾ। ਇਹਨਾਂ ਵਿਚ 8000 ਇੰਜੀਨੀਅਰ, 2000 ਤੋਂ ਵਧ ਡਾਕਟਰ ਬਹੁਤ ਸਾਰੇ ਵਿਗਿਆਨੀ ਅਤੇ ਅਰਥ-ਸ਼ਾਸਤਰੀ ਤੇ ਆਰਕੀ ਟੈਕਟ ਸ਼ਾਮਲ ਹਨ। ਇਹਨਾਂ ਦੀ ਵਿਦਿਆ ਉਤੇ ਕੋਈ 37.5 ਅਰਬ ਜਲੋਟਿਸ (ਪੋਲੈਂਡ ਦਾ ਸਿੱਕਾ) ਖਰਚੇ ਗਏ। ਪਰ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਉਹ ਇਕ ਬਦੇਸ਼ੀ ਦੇਸ਼ ਲਈ ਕੰਮ ਕਰਦੇ ਹਨ ਅਤੇ ਆਪਣੇ ਦੇਸ਼ ਲਈ ਕੰਮ ਨਹੀਂ ਕਰਦੇ ਜਿਥੇ ਉਹਨਾਂ ਵਿਦਿਆ ਹਾਸਿਲ ਕੀਤੀ। ਇਸ ਕਾਰਨ ਪੈਂਦਾ ਘਾਟਾ ਕਈ ਖਰਬ ਜਲੋਟਿਸ ਤਕ ਪੁੱਜ ਜਾਂਦਾ ਹੈ।

ਈ. ਓਰਬਾਨ ਨੇ ਇਕ ਹੋਰ ਮਹੱਤਵਪੂਰਨ ਤੱਥ ਦਸਿਆ : ਉਹ ਸਾਰੇ ਜਿਹੜੇ ਪੋਲੈਂਡ ਤੋਂ ਪੱਛਮੀ ਦੇਸ਼ਾਂ ਨੂੰ ਜਾਣਾ ਚਾਹੁੰਦੇ ਹਨ, ਉਹਨਾਂ [illegible] ਵੀਜ਼ਾ ਪ੍ਰਾਪਤ ਕਰਨ ਵਿਚ ਕੋਈ ਔਕੜ ਨਹੀਂ ਆਉਂਦੀ ਪਰ ਪੱਛਮੀ ਕਨਸੁਲੇਟਾਂ ਵਿਚ ਸਾਰਿਆਂ ਨੂੰ ਦਾਖਲਾ ਵੀਜ਼ਾ ਪ੍ਰਾਪਤ ਨਹੀਂ ਹੁੰਦਾ। ਪੱਛਮੀ ਦੇਸ਼ ਸਿਰਫ ਮਾਹਿਰਾਂ ਨੂੰ ਹੀ ਵੀਜ਼ਾ ਦੇਣਾ ਪਸੰਦ ਕਰਦੇ ਹਨ। ਪੱਛਮੀ ਦੇਸ਼ਾਂ ਦੀ ਅਜਿਹੀ ਇਮੀਗਰੇਸ਼ਨ ਪਾਲਿਸੀ ਹੈ ਜਿਹੜੀ ਕਿ ਪੋਲੈਂਡ ਤੋਂ ਬੌਧਿਕ ਨਿਕਾਸ ਉਤੇ ਨਿਰਭਰ ਕਰਦੀ ਹੈ ਅਤੇ ਫਿਰ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਰਖੀ ਦੀ ਖੇਖਣਬਾਜ਼ੀ ਵਜੋਂ ਪੇਸ਼ ਕਰਦੀ ਹੈ।

## ਇੰਗਲੈਂਡ ਦੀ ਵਿਗਿਆਨਕ ਪ੍ਰਤਿਭਾ ਦੀ ਮਿਲਾਈ ਕੌਣਖਾਂਦਾ

ਕੀ ਬਰਤਾਨਵੀ ਵਿਗਿਆਨੀ ਅਜੇ ਵੀ ਅਮਰੀਕਾ ਵਲ ਪ੍ਰਵਾਸ ਕਰ ਰਹੇ ਹਨ ਜਾਂ ਆਪਣੇ ਹੀ ਦੇਸ਼ ਵਿਚ ਕੰਮ ਕਰਨਾ ਪਸੰਦ ਕਰਦੇ ਹਨ।

ਬਦਕਿਸਮਤੀ ਨਾਲ ਸਰਕਾਰ ਰਾਜਨੀਤਕ ਤੌਰ ਤੇ 'ਆਕਰਸ਼ਤ ਖੇਤਰਾਂ' ਵਿਚ ਹੀ ਪੈਸੇ ਖਰਚ ਕਰਨਾ ਚਾਹੁੰਦੀ ਹੈ...... ਜਦੋਂ ਕਿ ਦੇਸ਼ ਲਈ ਇਹ ਜ਼ਰੂਰੀ ਹੈ ਕਿ ਵਖ ਵਖ ਦਿਸ਼ਾਵਾਂ ਵਿਚ ਬੁਨਿਆਦੀ ਖੋਜ ਦਾ ਕੰਮ ਕੀਤਾ ਜਾਵੇ।

ਅਜਿਹੀਆਂ ਹਾਲਤਾਂ ਤਹਿਤ ਗ੍ਰੇਟ ਬ੍ਰਿਟੇਨ ਤੋਂ ਵਿਸ਼ੇਸ਼ ਤੌਰ 'ਤੇ ਅਮਰੀਕਾ ਨੂੰ ਬੌਧਿਕ ਨਿਕਾਸ ਵਿਆਪਕ ਬਣ ਗਿਆ ਹੈ। ਸੰਡੇ ਟਾਈਮਜ਼ ਅਖਬਾਰ ਅਨੁਸਾਰ ਇੰਗਲੈਂਡ ਨੂੰ ਹਰ ਸਾਲ ਹਜ਼ਾਰਾਂ ਮਾਹਿਰਾਂ ਦਾ ਨੁਕਸਾਨ ਉਠਾਉਣਾ ਪੈਂਦਾ ਹੈ।

1984 ਅਤੇ 1986 ਵਿਚ 24 ਪ੍ਰਤੀਸ਼ਤ ਵਿਗਿਆਨੀ, ਜਨਰਲ ਰਾਇਲ ਸੁਸਾਇਟੀ ਦੇ ਮੈਂਬਰ (ਬ੍ਰਿਟਿਸ਼ ਅਕਾਦਮੀ ਆਫ ਸਾਇੰਸਜ਼) ਬਦੇਸ਼ਾਂ ਵਿਚ ਰਹਿੰਦੇ ਸਨ। 84 ਬਰਤਾਨਵੀ ਅਕਾਦਮਿਕ ਅਮਰੀਕਾ ਵਿਚ ਰਹਿੰਦੇ ਹਨ ਜਦੋਂ ਕਿ ਅਮਰੀਕਾ ਦੀ ਵਿਗਿਆਨਾਂ ਬਾਰੇ ਨੈਸ਼ਨਲ ਅਕਾਦਮੀ ਦਾ ਸਿਰਫ ਇਕ ਮੈਂਬਰ ਹੀ ਇੰਗਲੈਂਡ ਵਿਚ ਕੰਮ ਕਰਦਾ ਹੈ। ਬਰਤਾਨਵੀ ਵਿਗਿਆਨੀ ਸਟੀਵਨ ਲੂਕਸ ਵਲੋਂ ਅਜਿਹੇ ਅੰਕੜੇ ਲੋਕਾਂ ਸਾਹਮਣੇ ਪੇਸ਼ ਕੀਤੇ ਗਏ ਹਨ।

## ਪ੍ਰਤਿਭਾ ਲਈ ਭਾਲ

ਪ੍ਰਤਿਭਾ ਲਈ ਭਾਲ ਹਰ ਥਾਂ ਹਰ ਮਹਾਂਦੀਪ ਵਿਚ ਹੋ ਰਹੀ ਹੈ। ਅਮਰੀਕਾ ਵਿਚ ਨੌਕਰੀ ਕਿਵੇਂ ਪਰਾਪਤ ਕੀਤੀ ਜਾਵੇ ਜਾਂ ਅਮਰੀਕਾ ਵਿਚ ਕਿਵੇਂ ਵਿਦਿਆ ਪ੍ਰਾਪਤ [illegible], ਇਸ ਬ[illegible] ਸੁੰਦਰ ਸੁੰਦਰ ਕਿਤਾਬਚੇ ਯੂ. ਐਸ. ਆਈ. ਏ. ਵਲੋਂ ਵੰਡੇ ਜਾਂਦੇ ਹਨ। ਪ੍ਰਾਈਵੇਟ ਅਦਾਰੇ ਯੂਨੀਵਰਸਟੀਆਂ ਅਤੇ ਸਨਅਤਾਂ ਪ੍ਰਤਿਭਾ ਦੀ ਭਾਲ ਕਰਦੀਆਂ ਹਨ।

ਉਦਾਹਰਨ ਲਈ ਇਹ ਕੋਈ ਹੈਰਾਨਗੀ ਵਾਲੀ ਗਲ ਨਹੀਂ ਕਿ 1983 ਵਿਚ ਵਿਗਿਆਨ ਦੇ ਖੇਤਰ 'ਚ ਸਾਰੇ ਚਾਰ ਨੋਬਲ ਇਨਾਮ ਅਮਰੀਕੀ ਵਿਗਿਆਨੀਆਂ ਨੇ ਜਿੱਤੇ। ਇਹਨਾਂ ਵਿਚੋਂ ਦੋ ਨੋਬਲ ਇਨਾਮ ਉਹਨਾਂ ਅਮਰੀਕੀਆਂ ਨੂੰ ਪ੍ਰਾਪਤ ਹੋਏ ਹਨ ਜਿਹੜੇ ਦੂਸਰੇ ਦੇਸ਼ਾਂ ਤੋਂ ਆਣ ਕੇ ਵਸੇ ਸਨ।

ਇਸ ਗਲ ਦਾ ਕਿਸ ਨੂੰ ਪਤਾ ਕਿ ਅਮਰੀਕਾ ਉਹਨਾਂ ਕੋਲੋਂ ਅਜੇ ਕਿੰਨੀਆਂ ਹੋਰ ਖੋਜਾਂ ਪ੍ਰਾਪਤ ਕਰੇਗਾ ਜਿਹਨਾਂ ਨੂੰ ਇਸ ਨੇ ਵਧ ਤਨਖਾਹਾਂ ਤੇ ਚੰਗੀਆਂ ਕੰਮ ਹਾਲਤਾਂ ਦਾ ਲਾਲਚ ਦੇ ਕੇ ਭਰਮਾਇਆ ਹੋਇਆ ਹੈ। ਅਜਿਹਾ ਸਿਰਫ ਸਿੰਘਾਪੁਰ ਜਾਂ ਮੈਕਸੀਕੋ ਵਿਚ ਹੀ ਨਹੀਂ ਸੋਚਿਆ ਜਾ ਸਕਦਾ ਸਗੋਂ ਖੁਦ ਬਰਤਾਨੀਆ ਵਿਚ ਵੀ ਅਜਿਹਾ ਨਹੀਂ ਸੋਚਿਆ ਜਾ ਸਕਦਾ। ਹਾਲਤਾਂ ਵੀ ਇਕ ਮਹਤਵਪੂਰਨ ਕਾਰਨ ਹਨ। ਜਿਵੇਂ ਕਿ 'ਵਾਲ ਸਟਰੀਟ' ਮੈਗਜ਼ੀਨ ਵਿਚ ਇਸ ਗਲ ਤੇ ਜ਼ੋਰ ਦਿਤਾ ਗਿਆ ਹੈ ਕਿ ਜਦੋਂ ਫੰਡ ਦੇਣ ਦੀ ਗਲ ਆਉਂਦੀ ਹੈ ਤਾਂ ਇਕ ਨੌਜਵਾਨ ਅਣਜਾਣੇ ਵਿਗਿਆਨੀ ਦਾ ਵੀ ਉਤਨਾ ਹੀ ਚਾਨਸ ਹੁੰਦਾ ਹੈ ਜਿਤਨਾ ਕਿ ਨੋਬਲ ਇਨਾਮ ਜਿੱਤਣ ਵਾਲੇ ਦਾ। ਜੇਕਰ ਇਕੋ ਨੌਜਵਾਨ ਵਿਗਿਆਨੀ ਦਾ ਪ੍ਰੋਜੈਕਟ ਯੋਗ ਸਮਝਿਆ ਜਾਂਦਾ ਹੈ ਤਾਂ ਇਸਨੂੰ ਯੋਗ ਪਹਿਲ ਦਿਤੀ ਜਾਣੀ ਚਾਹੀਦੀ ਹੈ।

(ਬਾਕੀ ਸਫ਼ਾ 25 ਤੇ)

**TRU FOODS DISTRIBUTORS LTD.**
**Specializing in Health Foods**
Vitamins ■ Herbs and all East Indian Foods

PROPRITER **Mander Brothers**
Tele.(604) **584-7011**

10705 — King George Hwy Surrey, B.C. V3T 2X6 ● 10053 — 136 A St. Surrey, B.C. V3T 4G1

(ਸਫਾ 15 ਦੀ ਬਾਕੀ)

ਅਤੇ ਕੇਂਦਰ ਵਲੋਂ ਸਿਧੇ ਤੌਰ ਤੇ ਵਿੱਤ ਮੁਹੱਈਆ ਕਰਨ ਨੂੰ ਯਕੀਨੀ ਬਣਾਉਣਾ ਹੋਵੇਗਾ। ਇਸ ਦਾ ਸਮੁਚਾ ਸਿਟਾ ਵਿਕੇਂਦਰੀਕਰਨ ਨਹੀਂ ਸਗੋਂ ਸ਼ਹਿਰੀ ਸੰਸਥਾਵਾਂ ਨੂੰ ਸੂਬੇ ਦੇ ਕੰਟਰੋਲ ਅਤੇ ਮਾਰਗ ਦਰਸ਼ਨ ਵਿਚੋਂ ਬਾਹਰ ਕੱਢਣਾ ਹੋਵੇਗਾ ਅਤੇ ਇਹਨਾਂ ਨੂੰ ਪੂਰੀ ਤਰਾਂ ਕੇਂਦਰ ਦੀ ਨਿਗਰਾਨੀ ਹੇਠ ਲਿਆਉਣਾ ਹੋਵੇਗਾ।

ਸ਼ਹਿਰੀ ਸੰਸਥਾਵਾਂ ਨੂੰ ਸੂਬਾ ਸਰਕਾਰ ਨਾਲੋਂ ਤੋੜ ਕੇ ਇਹਨਾਂ ਨੂੰ ਕੇਂਦਰ ਨਾਲ ਬੰਨਣ ਬਾਰੇ ਕੁਝ ਹੋਰ ਤਬਦੀਲੀਆਂ ਕਰਨ ਦੀ ਵੀ ਤਜਵੀਜ ਪੇਸ਼ ਕੀਤੀ ਗਈ ਹੈ। ਮੁੱਖ ਮੰਤਰੀਆਂ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਸੰਕੇਤ ਦਿਤਾ ਕਿ ਸ਼ਹਿਰੀ ਕੇਂਦਰਾਂ ਲਈ ਮੁੜ-ਵਿੱਤ ਸੰਸਥਾ ਪੈਦਾ ਕੀਤੀ ਜਾਣੀ ਚਾਹੀਦੀ ਹੈ ਜਿਹੜੀ ਕਿ ਖੇਤੀਬਾੜੀ ਅਤੇ ਪੇਂਡੂ ਵਿਕਾਸ ਲਈ ਰਾਸ਼ਟਰੀ ਬੈਂਕ ਵਰਗੀ ਹੀ ਹੋਵੇ। ਸਰਕਾਰ ਮਿਊਂਸਪੈਲਟੀਆਂ ਦੀ ਵਿਉਪਾਰਕ ਬੈਂਕਿੰਗ ਨੇਟਵਰਕ ਤਕ ਪਹੁੰਚ ਨੂੰ ਵੀ ਮਜ਼ਬੂਤ ਕਰੇਗੀ।'

ਏਥੇ ਹੀ ਬਸ ਨਹੀਂ। ਦੋ ਹੋਰ ਤਜਵੀਜ਼ਾਂ ਤੋਂ ਇਹ ਪ੍ਰਗਟਾਵਾ ਹੁੰਦਾ ਹੈ ਕਿ ਇਸ ਜਾਹਲੀ ਵਿਕੇਂਦਰੀਕਰਨ ਦਾ ਉਦੇਸ਼ ਤਾਕਤ ਦੇ ਸਮਾਨਾਂਤਰ ਕੇਂਦਰ ਪੈਦਾ ਕਰਨਾ ਹੈ ਜਿਹੜੇ ਕਿ ਕੇਂਦਰ ਦੀ ਸੇਵਾ ਕਰਨਗੇ ਅਤੇ ਸੂਬਿਆਂ ਦੀ ਏਕਤਾ ਨੂੰ ਭੰਗ ਕਰਨ ਵਾਲੇ ਹੋਣਗੇ। ਅਜਿਹੀ ਤਜਵੀਜ ਹੈ ਕਿ ਵੱਖਰੀ ਮਿਊਂਸਪਲ ਸੇਵਾ ਪੈਦਾ ਕੀਤੀ ਜਾਵੇ—ਮਿਊਂਸਪਲ ਅਤੇ ਪੰਚਾਇਤ ਆਹੁਦੇਦਾਰਾਂ ਦੀ ਇਕ ਸੂਬਾ ਜਾਂ ਕੁੱਲ-ਹਿੰਦ ਮਿਊਂਸਪਲ ਸਰਵਿਸ। ਅੰਤਮ ਫੈਸਲਾ ਇਕ ਕੁੱਲ ਹਿੰਦ ਸਰਵਿਸ ਦੇ ਹੱਕ ਵਿਚ ਹੋਵੇਗਾ।

ਅਖੀਰ ਵਿਚ ਮਿਊਂਸਪੈਲਟੀਆਂ ਦੇ ਕੰਟਰੋਲ ਤਹਿਤ ਇਕ ਵਖਰੀ ਅਮਨ-ਕਾਨੂੰਨ ਮਸ਼ੀਨਰੀ ਲਈ ਹੈਰਾਨ ਕਰ ਦੇਣ ਵਾਲੀ ਤਜ਼ਵੀਜ ਹੈ। ਸ੍ਰੀ ਗਾਂਧੀ ਨੇ ਮੁੱਖ-ਮੰਤਰੀਆਂ ਦੀ ਕਾਨਫਰੰਸ ਵਿਚ ਦਿਤੇ ਆਪਣੇ ਭਾਸ਼ਣ ਵਿਚ ਕਿਹਾ ਕਿ ਏਜੰਡਾ ਪੇਪਰਾਂ ਵਿਚ ਉਠਾਏ ਗਏ ਮਸਲਿਆਂ ਦੇ ਇਲਾਵਾ ਉਹ ਇਹ ਪਸੰਦ ਵੀ ਕਰੇਗਾ ਕਿ ਮੁੱਖ ਮੰਤਰੀ ਇਸ ਬਾਰੇ ਸਰਕਾਰ ਨੂੰ ਸਲਾਹ ਦੇਣ ਕਿ 'ਕੀ ਮਿਊਂਸਪਲ ਬਾਡੀਆਂ ਨੂੰ ਆਪਣੀ ਪੁਲਸ ਜਾਂ ਖੁਦ ਆਪਣੀ ਅਮਨ ਕਾਇਮ ਕਰੂ ਪੁਲਸ ਦੀ ਲੋੜ ਹੈ ਜਿਸਨੂੰ ਕਿ ਉਹ ਅਮਨ-ਕਾਨੂੰਨ ਸੁਆਲਾਂ ਲਈ ਤਾਇਨਾਤ ਕਰ ਸਕਦੀਆਂ ਹਨ ਜਿਹੜੇ ਸੁਆਲ ਕਿ ਮਿਊਂਸਪਲ ਕਾਰਜਾਂ ਨੂੰ ਨਿਭਾਉਣ ਨਾਲ ਜੁੜੇ ਹੋਏ ਹਨ ਜਿਵੇਂ ਕਿ ਨਜਾਇਜ਼ ਕਬਜ਼ਿਆਂ ਨੂੰ ਹਟਾਉਣਾ।'

'ਨਜਾਇਜ ਕਬਜ਼ਿਆਂ ਨੂੰ ਹਟਾਉਣ' ਦਾ ਵਰਨਣ ਇਸ ਲਈ ਕੀਤਾ ਗਿਆ ਹੈ ਤਾਂ ਜੋ ਤਜਵੀਜ਼ ਦੇ ਪ੍ਰਭਾਵ ਨੂੰ ਨਰਮ ਬਣਾਇਆ ਜਾ ਸਕੇ ਜਿਹੜੀ ਕਿ ਸਮਾਂ ਆਉਣ ਤੇ ਸ਼ਹਿਰੀ ਲੋਕਲ ਬਾਡੀਆਂ ਵਿਰੋਧੀ ਅਮਨ-ਕਾਨੂੰਨ ਮਸ਼ੀਨਰੀ ਵਿਚ ਬਦਲ ਜਾਵੇਗੀ। ਅਤੇ ਕੇਂਦਰ ਇਸ ਵਧੀਆ ਕਾਰਜ ਲਈ ਫੰਡ ਸੌਂਪਣ ਵਾਸਤੇ ਸਦਾ ਤਿਆਰ ਰਹੇਗਾ।

ਇਹ ਸਾਰੀਆਂ ਤਜਵੀਜਾਂ ਜਿਹੜੀਆਂ ਕਿ ਇਕੱਠਿਆਂ ਹੀ ਪੇਸ਼ ਕੀਤੀਆਂ ਗਈਆਂ ਹਨ, ਤੋਂ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਲੋਕਾਂ ਅਤੇ ਲੋਕਲ ਬਾਡੀਜ਼ ਨੂੰ ਜ਼ਿਆਦਾ ਤਾਕਤਾਂ ਦੇ ਬਹਾਨੇ ਕੇਂਦਰ ਸੂਬਿਆਂ ਦੀਆਂ ਤਾਕਤਾਂ ਉਤੇ ਹਮਲੇ ਕਰ ਰਿਹਾ ਹੈ ਅਤੇ ਲੋਕਲ ਬਾਡੀਆਂ ਨੂੰ ਆਪਣੇ ਕੰਟਰੋਲ ਅਧੀਨ ਲਿਆ ਰਿਹਾ ਹੈ।

ਸੂਬਿਆਂ ਉਤੇ ਇਹ ਹਮਲਾ ਏਨਾ ਨੰਗਾ ਚਿੱਟਾ ਹੈ ਕਿ ਏਥੋਂ ਤਕ ਕਿ ਕਾਨਫਰੰਸ ਵਿਚ ਹਾਜ਼ਰ ਕੁਲ ਬਹੁਤ ਹੀ ਜਿਆਦਾ ਵਫਾਦਾਰ ਤੇ ਖੁਸ਼ਾਮਦੀ ਮੁੱਖ-ਮੰਤਰੀਆਂ ਨੇ ਵੀ ਆਪਣੀ ਨਿਰਾਜ਼ਗੀ ਪ੍ਰਗਟ ਕੀਤੀ ਅਤੇ ਕੁਝ ਤਜ਼ਵੀਜਾਂ ਦੀ ਵਿਰੋਧਤਾ ਕੀਤੀ। ਗੁਜਰਾਤ ਦੇ ਮੁੱਖ ਮੰਤਰੀ ਨੇ ਲੋਕਲ ਬਾਡੀਆਂ ਦੀਆਂ ਚੋਣਾਂ ਕਰਵਾਉਣ ਦੀ ਜੁਮੇਂਵਾਰੀ ਚੋਣ ਕਮਿਸ਼ਨਰ ਨੂੰ ਸੌਂਪਣ ਦੀ ਤਜਵੀਜ ਦੀ ਵਿਰੋਧਤਾ ਕੀਤੀ। ਉਸ ਨੇ ਕਿਹਾ ਕਿ ਜਿਲਾ ਕੁਲੈਕਟਰ ਵਲੋਂ ਮਿਊਂਸਪੈਲਟੀਆਂ ਦੀਆਂ ਚੋਣਾਂ ਕਰਵਾਉਣ ਤੋਂ ਮਿਊਂਸਪਲ ਕਮਿਸ਼ਨਰਾਂ ਵਲੋਂ ਮਿਊਂਸਪਲ ਕਾਰਪੋਰੇਸ਼ਨਾਂ ਦੀਆਂ ਚੋਣਾਂ ਕਰਵਾਉਣ ਦਾ ਵਰਤਮਾਨ ਅਮਲ ਤਸੱਲੀਬਖਸ਼ ਹੈ। ਉਸ ਨੇ ਇਹ ਵੀ ਮੰਗ ਕੀਤੀ ਕਿ ਗਰੀਬੀ ਦੂਰ ਕਰੋ ਪ੍ਰੋਗਰਾਮਾਂ ਲਈ ਕੇਂਦਰ ਵਲੋਂ ਜਿਹੜਾ ਧਨ ਖਰਚਿਆ ਜਾ ਰਿਹਾ ਹੈ ਉਸ ਨੂੰ ਸੂਬਾ ਸਰਕਾਰਾਂ ਰਾਹੀਂ ਧਾਰਾ-ਬੱਧ ਕੀਤਾ ਜਾਣਾ ਚਾਹੀਦਾ ਹੈ। ਏਥੋਂ ਤਕ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਐਨ. ਡੀ. ਤਿਵਾੜੀ ਨੇ ਇਹ ਮੰਗ ਵੀ ਕੀਤੀ ਕਿ ਕੇਂਦਰ ਵਲੋਂ ਲੋਕਲ ਬਾਡੀਜ਼ ਨੂੰ ਸਿਧੇ ਰੂਪ ਵਿਚ ਅਲਾਟ ਕੀਤੇ ਜਾਂਦੇ ਫੰਡਾਂ ਨੂੰ ਕੰਟਰੋਲ ਕਰਨ ਲਈ ਸੂਬਾ ਸਰਕਾਰ ਨੂੰ ਮੁਦਰਾ ਸਬੰਧੀ ਤਾਕਤਾਂ ਦਿਤੀਆਂ ਜਾਣੀਆਂ

→ ਸਫਾ ੨੫ ਦੀ ਬਾਕੀ

ਅਮਰੀਕਾ ਉੱਲੂਸਿਧਾਵਾਦੀਆਂ ਦਾ ਹੈ ਜਿਹੜੇ ਕਿ ਸਭ ਤੋਂ ਪਹਿਲਾਂ ਹੱਥਲੇ ਕੰਮ ਨੂੰ ਪਹਿਲ ਦਿੰਦੇ ਹਨ ਰੋਕਾਂ ਨੂੰ ਪਹਿਲ ਨਹੀਂ ਦਿੰਦੇ। ਪਰ ਬੌਧਿਕ ਨਿਕਾਸ ਨੂੰ ਹੱਲਾ-ਸ਼ੇਰੀ ਦੇ ਕੇ ਉਹ ਦੂਸਰੇ ਦੇਸ਼ਾਂ ਦੀ ਅੰਨ੍ਹੀ ਲੁੱਟ ਕਰ ਰਹੇ ਹਨ ਅਤੇ ਉਹ ਦੂਸਰੇ ਦੇਸ਼ਾਂ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਉਂਦੇ ਹਨ ਜਿਸ ਦੀ ਮਾਤਰਾ ਦਾ ਕਿ ਸਿਰਫ ਭਵਿੱਖ ਵਿਚ ਹੀ ਪਤਾ ਚਲੇਗਾ।

ਬੌਧਿਕ ਨਿਕਾਸ ਦੀ ਪ੍ਰਕਿਰਿਆ ਨੂੰ ਰਾਤੋ ਰਾਤ ਬੰਦ ਨਹੀਂ ਕੀਤਾ ਜਾ ਸਕਦਾ। ਸਰਬ ਪੱਖੀ ਪਹੁੰਚ ਦੀ ਲੋੜ ਹੈ ਜਿਹੜੀ ਕਿ ਨਿਸ਼ਚਤ ਲੋਕਾਂ ਅਤੇ ਦੇਸ਼ਾਂ ਦੇ ਹਿਤਾਂ ਨੂੰ ਧਿਆਨ ਵਿਚ ਰਖੇ। ਸਰਮਾਏਦਾਰ ਦੇਸ਼ਾਂ ਵਲੋਂ ਜਿਹੜਾ ਬੌਧਿਕ ਨਿਕਾਸ ਕੀਤਾ ਜਾ ਰਿਹਾ ਹੈ ਉਸਦਾ ਮਾਮਲਾ ਸੰਯੁਕਤ ਰਾਸ਼ਟਰ ਵਿਚ ਉਠਾਇਆ ਗਿਆ ਹੈ। ਬਦੇਸ਼ਾਂ ਵਿਚ ਪੜ੍ਹਨ ਲਈ ਵਿਦਿਆਰਥੀਆਂ ਦੀ ਚੋਣ ਬਾਰੇ ਸਖਤ ਨਿਯਮ ਅਪਣਾਏ ਜਾਣੇ ਚਾਹੀਦੇ ਹਨ। ਪਰ ਸਿਰਫ ਅਜਿਹੇ ਢੰਗ-ਤਰੀਕਿਆਂ ਨਾਲ ਹੀ ਸਮਸਿਆ ਹਲ ਨਹੀਂ ਹੋਵੇਗੀ। ਬੌਧਿਕ ਨਿਕਾਸ ਕਾਰਨ ਹੁੰਦੇ ਨੁਕਸਾਨ ਨੂੰ ਘਟ ਤੋਂ ਘਟ ਕਰਨ ਲਈ ਸੰਸਾਰ ਭਾਈਚਾਰੇ ਨੂੰ ਮਿਲ ਜੁੱਲ ਕੇ ਯਤਨ ਕਰਨੇ ਪੈਣਗੇ। ●


BOOK NOW FLY LATER SAVE MONEY



SPECIAL FARES TO:

San Francisco Toronto London

Cheapest Fares To New Delhi, Bombay, Madras, Calcutta, Karachi, Colombo & Kathmandu

WE ARE AUTHORIZED AGENTS FOR.

JAL JAPAN AIR LINES

AIR CANADA

CATHAY PACIFIC

Canadian

Wardair Canada

KLM

UNITED

Goyal Travels Inc.

4152 Fraser St., Vancouver, B.C. V5V 4E8

PH. (604) 877-7777

TOLL FREE From B.C., Alberta, Saskatchewan & Manitoba.

1-800-663-8638

CALGARY
Ph. (403) 235-6808

TORONTO
(416) 593-6966

ਚਾਹੀਦੀਆਂ ਹਨ।

ਬਿੱਲ ਨੂੰ ਜ਼ਿਆਦਾ ਸਵੀਕਾਰ ਕੀਤੇ ਜਾਣ ਯੋਗ ਬਣਾਉਣ ਲਈ ਅਤੇ ਵਿਰੋਧੀਆਂ ਨੂੰ ਡਿਫੈਂਸਿਵ ਪੁਜੀਸ਼ਨ ਵਿਚ ਪਾਉਣ ਲਈ ਰਾਜੀਵ ਗਾਂਧੀ ਕਸਬਿਆਂ ਅਤੇ ਸ਼ਹਿਰਾਂ ਲਈ ਗਰੀਬੀ ਹਟਾਉ ਪ੍ਰੋਗ੍ਰਾਮਾਂ ਦੀ ਵੀ ਗੱਲ ਕਰਦਾ ਹੈ। ਲੋਕਲ ਬਾਡੀਆਂ ਨੂੰ ਸਿੱਧੇ ਤੌਰ ਤੇ ਫੰਡ ਸੌਂਪਣ ਲਈ ਵਰਤੇ ਜਾਣ ਵਾਲੇ ਬਹਾਨਿਆਂ ਵਿਚੋਂ ਇਹ ਵੀ ਇਕ ਬਹਾਨਾ ਹੋਵੇਗਾ।

ਇਸ ਤਰ੍ਹਾਂ ਇਹ ਬਿਲਕੁੱਲ ਸਪਸ਼ਟ ਹੈ ਕਿ ਤਜਵੀਜਤ ਸ਼ਹਿਰੀ ਵਿਕਾਸ ਬਿੱਲ ਵਿਕੇਂਦਰੀਕਰਨ ਦਾ ਇਕ ਇਮਾਨਦਾਰੀ ਵਾਲਾ ਢੰਗ-ਤਰੀਕਾ ਨਹੀਂ ਹੈ ਅਤੇ ਨਾ ਹੀ ਇਹ ਸੈੱਲਫ-ਗਵਰਨਿੰਗ ਬਾਡੀਆਂ ਨੂੰ ਅਸਲ ਮਨੋਰਥਾਂ ਵਿਚ ਸਾਧਨ ਟਰਾਂਸਫਰ ਕਰਨ ਦਾ ਹੀ ਢੰਗ ਹੈ। ਇਸ ਵਿਚ ਰਤੀ ਭਰ ਵੀ ਸ਼ੱਕ ਨਹੀਂ ਕਿ ਲੋਕਲ ਸੈਲਫ ਗਵਰਨਿੰਗ ਬਾਡੀਆਂ ਨੂੰ ਆਪਣੀਆਂ ਜੁੰਮੇਂ-ਵਾਰੀਆਂ ਨਿਭਾਉਣ ਦੇ ਯੋਗ ਬਣਾਉਣ ਲਈ ਜਿਆਦਾ ਫੰਡਾਂ ਤੇ ਜ਼ਿਆਦਾ ਅਧਿਕਾਰਾਂ ਦੀ ਲੋੜ ਹੈ। ਪਰ ਇਸ ਨੂੰ ਉਨ੍ਹਾਂ ਉਤੋਂ ਸੂਬੇ ਦਾ ਕੰਟਰੋਲ ਪੂਰੀ ਤਰ੍ਹਾਂ ਹਟਾਉਣ ਲਈ ਬਹਾਨਾ ਨਹੀਂ ਬਣਾਇਆ ਜਾਣਾ ਚਾਹੀਦਾ ਅਤੇ ਉਨ੍ਹਾਂ ਨੂੰ ਕੇਂਦਰ ਦੇ ਦਾਨ ਉਤੇ ਜਿਉਂਦੇ ਰਹਿਣ ਲਈ ਮਜਬੂਰ ਨਹੀਂ ਕੀਤਾ ਜਾਣਾ ਚਾਹੀਦਾ।

ਇਹ ਸੂਬਿਆਂ ਅਤੇ ਉਨ੍ਹਾਂ ਦੇ ਅਧਿਕਾਰਾਂ ਵਿਰੁੱਧ ਕਾਂਗਰਸ (ਆਈ) ਦੀ ਕੇਂਦਰ ਸਰਕਾਰ ਦੀ ਜੰਗ ਦਾ ਇਕ ਹਿੱਸਾ ਹੈ। ਨਵਾਂ ਹਮਲਾ ਇਸ ਲਈ ਜ਼ਰੂਰੀ ਸਮਝਿਆ ਜਾ ਰਿਹਾ ਹੈ ਕਿਉਂਕਿ ਅਗਲੀਆਂ ਸੂਬਾ ਵਿਧਾਨ ਸਭਾ ਚੋਣਾਂ ਵਿਚ ਗੈਰ-ਕਾਂਗਰਸ (ਆਈ) ਸੂਬਾ ਸਰਕਾਰਾਂ ਦੀ ਗਿਣਤੀ ਵਧ ਜਾਣ ਦੀ ਹਰ ਸੰਭਾਵਨਾ ਹੈ।

ਇਸ ਦੇ ਨਾਲ ਹੀ ਬਿੱਲ ਨੂੰ ਚੋਣ ਪ੍ਰਚਾਰ ਲਈ ਇਕ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ ਜਿਸ ਤਹਿਤ ਜ਼ਿਆਦਾ ਵਿੱਤ ਦੇਣ ਦਾ ਵਾਅਦਾ ਕੀਤਾ ਜਾ ਰਿਹਾ ਹੈ। ਸਭ ਤੋਂ ਵਧ ਔਰਤਾਂ, ਹਰੀਜਨਾਂ, ਆਦਿਵਾਸੀਆਂ ਤੇ ਪਛੜੀਆਂ ਜਾਤੀਆਂ ਲਈ ਜ਼ਿਆਦਾ ਸੀਟਾਂ ਰਾਖਵੀਆਂ ਰੱਖਣ ਦੇ ਵਾਅਦੇ ਕੀਤੇ ਜਾ ਰਹੇ ਹਨ। ਇਸ ਦਾ ਮੂਲ ਨਿਚੋੜ ਇਹ ਹੈ ਕਿ ਇਸ ਨਾਲ ਕੇਂਦਰ ਦੇ ਹੱਥ ਵਿਚ ਹੋਰ ਜ਼ਿਆਦਾ ਤਾਕਤਾਂ ਕੇਂਦਰਤ ਹੋ ਜਾਣਗੀਆਂ ਅਤੇ ਇਹ ਰਾਸ਼ਟਰੀ ਏਕਤਾ ਲਈ-ਭੰਨਤੋੜੂ ਸਾਬਿਤ ਹੋਵੇਗਾ ਜਿਸ ਨੂੰ ਤੋੜਨ ਦੀ ਕੋਸ਼ਿਸ਼ ਵਿਚ ਕਿ ਪਹਿਲਾਂ ਹੀ ਬਹੁਤ ਸਾਰੀਆਂ ਪ੍ਰਤੀਕਿਰਿਆਵਾਦੀ ਤਾਕਤਾਂ ਲੱਗੀਆਂ ਹੋਈਆਂ ਹਨ।

ਲੋਕਾਂ ਨੂੰ ਤਾਕਤ ਸੌਂਪਣ ਦਾ ਸੁਆਲ ਇਕ ਫੌਰੀ ਧਿਆਨ ਮੰਗਦਾ ਸੁਆਲ ਹੈ। ਪਰ ਇਹ ਸੁਆਲ ਮੰਗ ਕਰਦਾ ਹੈ ਕਿ ਰਾਜੀਵ ਸਰਕਾਰ ਨੂੰ ਪੂਰੀ ਤਰ੍ਹਾਂ ਤਾਕਤ ਤੋਂ ਲਾਹ ਦਿਤਾ ਜਾਵੇ ਅਤੇ ਇਸ ਦੀ ਥਾਂ ਇਕ ਅਜਿਹੀ ਸਰਕਾਰ ਬਣਾਈ ਜਾਵੇ ਜਿਹੜਾ ਕਿ ਲੋਕਾਂ ਦੀ ਮਨਪਸੰਦ ਦੀ ਸਰਕਾਰ ਹੋਵੇ ਅਤੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੋਵੇ। ਇਹ ਆਸ ਕਰਨੀ ਬੇਅਰਥ ਹੈ ਕਿ ਇਕ ਅਜਿਹਾ ਸੰਵਿਧਾਨਕ ਸੋਧ ਬਿੱਲ ਰਾਜੀਵ ਸਰਕਾਰ ਤਹਿਤ ਲੋਕਾਂ ਨੂੰ ਅਸਲ ਤਾਕਤ ਦੇਵੇਗਾ। ●

ਛੋਪਰੇ ਛਾਪਰੇ

ਇਹ ਬੜੇ ਦੁਖ ਨਾਲ ਖਬਰ ਦਿਣੀ ਜਾਂਦੀ, ਹੈ ਕਿ ਪਰਵਾਰ ਸਿੰਘ ਗਿਲ ਅਸਾਂ ਤੋਂ ਵਿਛੜ ਗਏ ਹਨ। ਅਸੀਂ ਡਾਕਟਰ ਗੁਰਦੇਵ ਗਿਲ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਇਸ ਦੁਖ ਵਿਚ ਸ਼ਰੀਕ ਹੁੰਦੇ ਹਾਂ।

ਵੱਲੋਂ - ਸੋਹਣ ਥੋਰਤ


NATIONWIDE NATURAL

NATIONWIDE NATURAL FOOD

9451-VANHORNE WAY RICHMOND B.C.

ਕੈਲੇਫੋਰਨੀਆਂ ਤੋਂ ਸਾਡੀ ਨੈਚਰਲ ਫੂਡ ਦਾ ਵੈਨ ਲੋਡ ਲਿਆਉਣ ਵਾਸਤੇ ਸੰਪਰਕ ਕਰੋ:



ਕੁਲਵਿੰਦਰ ਸਹੋਤਾ

278-4584

dhannu printing co. ltd.

ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

"FOR ALL YOUR PRINTING NEEDS"

Ph. Bus. 585-2004 Res. 585-7916

10281 - 133A St., SURREY, B.C. V3T 4A1

# ਪੰਜਾਬ ਮਸਲਾ

# ਮੁੱਖ ਦੋਸ਼ੀ ਦਿੱਲੀ ਦੇ ਹਾਕਮ

ਅੱਤਵਾਦੀ ਤੱਤਾਂ ਨੇ ਪੰਜਾਬ ਦੇ ਹਾਲਾਤ ਵਿਗਾੜਨ ਲਈ ਅਤੇ ਆਪਣੀ ਹੋਂਦ ਜਤਲਾਉਣ ਲਈ 25 ਜੂਨ ਨੂੰ ਮੋਗਾ ਵਿਖੇ ਨਹਿਰੂ ਪਾਰਕ ਵਿਚ ਗੋਲੀਆਂ ਚਲਾ ਕੇ 25 ਵਿਅਕਤੀਆਂ ਨੂੰ ਮਾਰ ਦਿੱਤਾ ਸੀ ਜਿਨ੍ਹਾਂ ਵਿਚ 19 ਆਰ. ਐਸ. ਐਸ. ਦੇ ਵਰਕਰ ਸਨ।

ਮੋਗਾ ਹੱਤਿਆ ਕਾਂਡ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਜਿਹੜਾ ਸਮਾਗਮ ਪਿਛਲੇ ਐਤਵਾਰ ਹੋਇਆ ਉਸ ਵਿਚ ਲਗਭਗ ਸਭਨਾਂ ਹੀ ਸਿਆਸੀ ਪਾਰਟੀਆਂ ਦੇ ਪ੍ਰਤੀਨਿਧ ਸ਼ਾਮਲ ਹੋਏ। ਬੁਲਾਰਿਆਂ ਵਲੋਂ ਇਸ ਘਿਨਾਉਣੇ ਵਹਿਸ਼ੀਕਾਰੇ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਹਿੰਦੂ-ਸਿੱਖ ਏਕਤਾ ਮਜ਼ਬੂਤ ਬਨਾਉਣ ਉਤੇ ਜ਼ੋਰ ਦਿਤਾ ਗਿਆ।

ਇਸ ਸਮਾਗਮ ਵਿਚ ਜੁੜੇ ਲੋਕ, ਵਿਚ ਖਾਲਿਸਤਾਨੀ ਦਹਿਸ਼ਤਗਰਦਾਂ ਵਿਰੁੱਧ ਵੀ ਗੁੱਸਾ ਸੀ ਅਤੇ ਨਾਲ ਹੀ ਦੇਸ਼ ਉਤੇ ਹਕੂਮਤ ਕਰ ਰਹੀ ਪਾਰਟੀ ਵਿਰੁਧ ਵੀ। ਸਮਾਗਮ ਸਮੇਂ ਜਿਥੇ ਇਕੱਠ ਵਿਚੋਂ ਰਾਜੀਵ ਗਾਂਧੀ ਵਿਰੁਧ ਨਾਹਰੇ ਲੱਗੇ ਉਥੇ ਨਾਲ ਹੀ ਉਸ ਸਮੇਂ ਭਾਰੀ ਰੌਲਾ ਪਿਆ ਜਦੋਂ ਸਟੇਜ ਤੋਂ ਇਹ ਐਲਾਨ ਹੋਇਆ ਕਿ ਹੁਣ ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਦੇ ਪ੍ਰਧਾਨ ਸ੍ਰੀ ਬੇਅੰਤ ਸਿੰਘ ਸਭਾ ਨੂੰ ਸੰਬੋਧਨ ਕਰਨਗੇ। ਰੋਹ ਵਿਚ ਆਏ ਲੋਕਾਂ ਨੂੰ ਬੀ. ਜੇ. ਪੀ. ਦੇ ਪਰਧਾਨ ਐਲ. ਕੇ. ਅਡਵਾਨੀ ਨੇ ਸ਼ਾਂਤ ਕੀਤਾ ਤਾਂ ਜਾ ਕੇ ਬੇਅੰਤ ਸਿੰਘ ਆਪਣਾ ਭਾਸ਼ਣ ਦੇ ਸਕੇ।

ਜਿਸ ਦਿਨ ਮੋਗਾ ਗੋਲੀ ਕਾਂਡ ਵਾਪਰਿਆ ਸੀ ਅਤੇ ਇਸ ਵਿਚ ਸ਼ਹੀਦ ਹੋਣ ਵਾਲਿਆਂ ਨੂੰ ਸਿਵਿਆਂ ਵਿਚ ਦਾਗ ਦਿਤਾ ਜਾ ਰਿਹਾ ਸੀ ਤਾਂ ਉਸ ਮੌਕੇ ਤੇ ਵੀ ਕੇਂਦਰੀ ਗ੍ਰਹਿ ਮੰਤਰੀ ਵਿਰੁਧ ਨਾਹਰੇਬਾਜ਼ੀ ਹੋਈ ਸੀ ਜੋ ਕਿ ਉਸ ਸਮੇਂ ਉਥੇ ਮੌਜੂਦ ਸਨ।

ਪੰਜਾਬ ਅੰਦਰ ਜਿਹੜੀ ਅੱਤਵਾਦੀ ਵੱਖਵਾਦੀ ਲਹਿਰ ਚਲ ਰਹੀ ਹੈ ਉਸ ਦੇ ਭਾਵੇਂ ਬਹੁਤ ਸਾਰੇ ਪਹਿਲੂ ਹਨ ਪਰ ਪੰਜਾਬ ਅਮਨ ਕਾਨੂੰਨ ਬਹਾਲ ਰਖਣ ਅਤੇ ਮਸਲੇ ਨੂੰ ਨਿਪਟਾਉਣ ਦੀ ਵਡੀ ਜ਼ੁੰਮੇਂਵਾਰੀ ਕੇਂਦਰੀ ਸਰਕਾਰ ਉਤੇ ਹੀ ਆਉਂਦੀ ਹੈ।

ਪੰਜਾਬ ਅੰਦਰ ਹਰ ਰੋਜ਼ ਹੀ ਵਾਰਦਾਤਾਂ ਹੋ ਰਹੀਆਂ ਹਨ ਅਤੇ ਅੱਤਵਾਦੀ ਤੱਤ ਪੰਜਾਬ ਦੇ ਹਾਲਾਤ ਵਿਗਾੜਨ ਲਈ ਸਭੇ ਤਰਾਂ ਦੇ ਉਪਰਾਲੇ ਕਰ ਰਹੇ ਹਨ। ਕੇਂਦਰ ਇਸ ਤਰਾਂ ਦੀ ਪਹੁੰਚ ਅਪਣਾਈ ਚਲਾ ਆ ਰਿਹਾ ਹੈ ਜਿਵੇਂ ਕਿਤੇ ਉਸ ਦੀ ਪੰਜਾਬ ਬਾਰੇ ਕੋਈ ਪਾਲਸੀ ਹੀ ਨਾ ਹੋਵੇ। ਕਈ ਹਾਲਤਾਂ ਵਿਚ ਇੰਜ ਲਗਦਾ ਹੈ ਜਿਵੇਂ ਕੇਂਦਰ ਨੂੰ ਪੰਜਾਬ ਦੀ ਕੋਈ ਫਿਕਰ ਹੀ ਨਾ ਹੋਵੇ।

ਪਰਧਾਨ ਮੰਤਰੀ ਆਮ ਹੀ ਵਖ ਵਖ ਰਾਜਾਂ ਦੇ ਦੌਰਿਆਂ 'ਤੇ ਜਾਂਦੇ ਰਹਿੰਦੇ ਹਨ ਪਰ ਪੰਜਾਬ ਵਿਚ ਉਹ ਘੱਟ ਹੀ ਪੈਰ ਪਾਉਂਦੇ ਹਨ।

ਜਦੋਂ ਪੰਜਾਬ ਅੰਦਰ ਅੱਤਵਾਦੀ ਤੱਤਾਂ ਨੇ ਮੋਗੇ ਵਰਗਾ ਕਾਂਡ ਕੀਤਾ ਸੀ ਤਾਂ ਪ੍ਰਧਾਨ ਮੰਤਰੀ ਨੂੰ ਪੰਜਾਬ ਸਰਕਾਰ ਨਾਲ ਤੁਰੰਤ ਸੰਪਰਕ ਪੈਦਾ ਕਰਕੇ ਸਰਬ ਪਾਰਟੀ ਅਮਨ ਕਮੇਟੀ ਦੀ ਮੀਟਿੰਗ ਚੰਡੀਗੜ ਬੁਲਾਉਣੀ ਚਾਹੀਦੀ ਸੀ ਪਰ ਪਰਧਾਨ ਮੰਤਰੀ ਨੇ ਇਸ ਤਰਾਂ ਦੀ ਘਟਨਾ ਨੂੰ ਵੀ ਸਾਧਾਰਨ ਘਟਨਾ ਵਜੋਂ ਹੀ ਲਿਆ।

ਪੰਜਾਬ ਮਸਲੇ ਦੇ ਸੁਆਲ ਉਤੇ ਪੰਜਾਬ ਦੇ ਹਾਕਮ ਇਸ ਕਦਰ ਬੇਦਲੀਲ ਹੋ ਚੁਕੇ ਹਨ ਕਿ ਉਹਨਾਂ ਵਲੋਂ ਪੰਜਾਬ ਪੱਧਰ ਦੀ ਬਣਾਈ ਗਈ ਫਿਰਕੂ ਏਕਤਾ ਅਤੇ ਅਮਨ ਕਮੇਟੀ ਦਾ ਹੀ ਭੋਗ ਪਾ ਛੱਡਿਆ ਹੈ।

ਪੰਜਾਬ ਮਸਲੇ ਦੇ ਸਬੰਧ ਵਿਚ ਜਿਹੜੇ ਵੀ ਦੋਸ਼ ਪ੍ਰਧਾਨ ਮੰਤਰੀ ਉਤੇ ਲਗ ਰਹੇ ਹਨ ਉਹਨਾਂ ਦਾ ਜੁਆਬ ਦੇਣ ਦੀ ਉਹ ਹਿੰਮਤ ਨਹੀਂ ਰਖਦੇ।

ਇਹ ਗਲ ਚਿੱਟੇ ਦਿਨ ਵਾਂਗ ਸਾਫ ਵਖਾਈ ਦੇ ਰਹੀ ਹੈ ਪਰਧਾਨ ਮੰਤਰੀ ਪੰਜਾਬ ਮਸਲੇ ਨੂੰ ਲਟਕਾਉਣ ਦੀ ਨੀਤੀ 'ਤੇ ਚਲ ਰਹੇ ਹਨ ਅਤੇ ਇਸ ਤਰਾਂ ਇਸ ਰਾਹੀਂ ਸਿਆਸੀ ਲਾਭ ਲੈਣ ਦੀ ਧਾਰੀ ਬੈਠੇ ਹਨ। ਏਹੋ ਕਾਰਨ ਹੈ ਕਿ ਉਹਨਾਂ ਨੇ ਇਹ ਮਸਲਾ ਵਜ਼ਾਰਤੀ ਸਬ-ਕਮੇਟੀ ਦੇ ਸਪੁਰਦ ਰਖਿਆ ਹੈ।

ਪੰਜਾਬ ਮਸਲੇ ਦੇ ਸਬੰਧ ਵਿਚ ਸਭ ਤੋਂ ਪਹਿਲੀ ਅਤੇ ਮੁਖੀ ਗਲ ਇਹ ਹੈ ਕਿ ਇਸ ਬਾਰੇ ਪਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਕ ਸਮਝੌਤਾ ਕੀਤਾ ਜੋ ਕਿ ਪੰਜਾਬ ਸਮਝੌਤੇ ਦੇ ਨਾਂ 'ਤੇ ਪ੍ਰਸਿੱਧ ਹੈ। ਇਸ ਸਮਝੌਤੇ ਉਤੇ ਪ੍ਰਧਾਨ ਮੰਤਰੀ ਦੇ ਦਸਖਤ ਹਨ ਦਸਖਤ ਕਰਨ ਵਾਲੀ ਦੂਜੀ ਧਿਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਅੱਤਵਾਦੀ ਤੱਤਾਂ ਨੇ ਸ਼ਹੀਦ-ਕਰ ਦਿਤਾ ਸੀ। ਇਸ ਸਮਝੌਤੇ 'ਤੇ ਦਸਖਤ ਹੋਣ ਪਿਛੋਂ ਹੁਣ ਤਕ ਇਸ ਉਤੇ ਹੋਏ ਅਮਲ ਉਤੇ ਜੇ ਝਾਤ ਮਾਰੀ ਜਾਵੇ ਤਾਂ ਇਹ ਸਿਟਾ ਕੱਢੇ ਬਿਨਾਂ ਨਹੀਂ ਰਿਹਾ ਜਾ ਸਕਦਾ ਕਿ ਇਸ ਦੀ ਇਕ ਵੀ ਮੱਦ ਮੁਕੰਮਲ ਤੌਰ ਉਤੇ ਲਾਗੂ ਨਹੀਂ ਹੋਈ।

ਕੇਂਦਰ ਸਰਕਾਰ ਸਮਝੌਤਾ ਲਾਗੂ ਹੋਣ ਦੇ ਰਾਹ ਵਿਚ ਸਮੇਂ ਸਮੇਂ ਅੜਿਕਿਆਂ ਦੀ ਗਲ ਕਰਦੀ ਰਹੀ ਹੈ। ਪਿਛਲੇ ਹਫਤੇ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਜਲੰਧਰ ਆਏ ਅਤੇ ਉਹਨਾਂ ਨੇ ਇਹ ਗਲ ਆਖੀ ਪੰਜਾਬ ਸਮਝੌਤਾ ਲਾਗੂ ਹੋਣ ਵਿਚ ਹਰਿਆਣੇ ਦੀ ਸਰਕਾਰ ਵਡਾ ਅੜਿੱਕਾ ਬਣ ਗਈ ਹੈ। ਪਰ ਕੇਂਦਰੀ ਗ੍ਰਹਿ ਮੰਤਰੀ ਉਤੇ ਹਰ ਕੋਈ ਇਹ ਸੁਆਲ ਕਰ ਸਕਦਾ ਹੈ ਕਿ ਜਦੋਂ ਹਰਿਆਣੇ ਵਿਚ ਕਾਂਗਰਸ (ਆਈ) ਦੀ ਸਰਕਾਰ ਸੀ ਉਦੋਂ ਸਮਝੌਤਾ ਕਿਉਂ ਨਾ ਲਾਗੂ ਹੋਇਆ ?

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਇਹ ਵੀ ਕਹਿੰਦੇ ਰਹੇ ਹਨ ਕਿ ਅਕਾਲੀਆਂ ਦੇ ਕਈ ਧੜੇ ਹਨ ਅਤੇ ਉਹ ਕਈ ਤਰਾਂ ਦੀਆਂ ਬੋਲੀਆਂ ਬੋਲਦੇ ਹਨ। ਇਸ ਲਈ ਪੰਜਾਬ ਮਸਲੇ ਦੇ ਨਬੇੜੇ ਲਈ ਕਿਸ ਨਾਲ ਗਲ ਕਰੀਏ ?

ਜਦੋਂ ਪਰਧਾਨ ਮੰਤਰੀ ਵਲੋਂ ਇਸ ਤਰਾਂ ਦੀਆਂ ਪੁਜ਼ੀਸ਼ਨਾਂ ਲਈਆਂ ਗਈਆਂ ਤਾਂ ਉਨ੍ਹਾਂਨੂੰ ਕੁਝ ਹਲਕਿਆਂ ਵਲੋਂ ਇਹ ਆਖਿਆ ਗਿਆ ਕਿ ਉਹ ਪੰਜਾਬ ਮਸਲੇ ਦੇ ਸਿਆਸੀ ਨਬੇੜੇ ਦੇ ਮਾਮਲੇ ਨੂੰ ਸਰਬ ਪਾਰਟੀ ਮੀਟਿੰਗ ਵਿਚ ਰਖਣ। ਪਰ ਸਰਕਾਰ ਇਸ ਸਬੰਧ ਵਿਚ ਵੀ ਕੋਈ ਕਦਮ ਨਾ ਪੁਟ ਸਕੀ।

ਪੰਜਾਬ ਦੀ ਅਵਸਥਾ ਦੇ ਸਬੰਧ ਵਿਚ ਅਕਾਲੀ ਆਗੂ ਅਤੇ ਅਕਾਲੀ ਧੜੇ ਆਪੋ ਆਪਣੀ ਥਾਂ ਦੋਸ਼ੀ ਹਨ ਅਤੇ ਉਹਨਾਂ ਦੀ ਅਵਸਥਾ ਤੋਂ ਅਪੋਜ਼ੀਸ਼ਨ ਪਾਰਟੀਆਂ ਚੰਗੀ ਤਰਾਂ ਜਾਣੂ ਹਨ। ਪੰਜਾਬ ਵਿਚ ਅੱਤਵਾਦੀ-ਵੱਖਵਾਦੀ ਤੱਤਾਂ ਦੀ ਜਿਹੜੀ ਚੜ ਮਚੀ ਹੈ ਉਸ ਲਈ ਅਕਾਲੀ ਆਗੂ ਵੀ ਦੋਸ਼ੀ ਹਨ ਅਤੇ ਇਸ ਸਬੰਧ ਵਿਚ ਉਹਨਾਂ ਦੀ ਨੁਕਤਾਚੀਨੀ ਵੀ ਹੁੰਦੀ ਆ ਰਹੀ ਹੈ। ਪਰ ਜੇ ਅਜੋਕੀ ਅਵਸਥਾ ਵਿਚ ਪੰਜਾਬ ਮਸਲੇ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਰਾਜੀਵ ਗਾਂਧੀ ਹੀ ਮੁੱਖ ਦੋਸ਼ੀ ਪਾਏ ਜਾਂਦੇ ਹਨ। ਏਹੋ ਕਾਰਨ ਹੈ ਕਿ ਉਹਨਾਂ ਵਲ ਹਰ ਪਾਸੇ ਤੋਂ ਉਂਗਲਾਂ ਹੋ ਰਹੀਆਂ ਹਨ ਅਤੇ ਉਹਨਾਂ ਵਿਰੁਧ ਕਈ ਤਰਾਂ ਦੇ ਦੋਸ਼ ਲਗ ਰਹੇ ਹਨ।

ਕਿਉਂ ਜੁ ਰਾਜੀਵ ਗਾਂਧੀ ਦੇਸ਼ ਦੇ

ਬਾਕੀ ਸਫਾ 28 ਤੇ

# ਵੋਟ ਸਿਆਸਤ ਕਿੱਧਰ ਨੂੰ

ਵੋਟ ਪ੍ਰਾਪਤ ਕਰਨ ਲਈ ਕੀ ਕੀ ਕੁਝ ਕਰਨਾ ਪੈਂਦਾ ਹੈ ਤੇ ਕਿਵੇਂ ਵੋਟਾਂ ਨੂੰ ਕੇਸ਼ ਕਰਵਾਉਣ ਲਈ ਅਜੇਹੇ ਹਰਬੇ ਵਰਤਣੇ ਪੈਂਦੇ ਹਨ ਜਿਹਨਾਂ ਨੂੰ ਵੇਖ ਸੁਣ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਹਕੂਮਤੀ ਪਾਰਟੀ ਕਾਂਗਰਸ (ਆਈ) ਦੇ ਕਈ ਨੇਤਾ ਤਾਂ ਇਸ ਹੱਦ ਤੱਕ ਇਸ ਸਬੰਧ ਵਿਚ ਅੱਗੇ ਨਿਕਲ ਗਏ ਹਨ ਕਿ ਸ਼ਾਇਦ ਇਖਲਾਕ ਨਾਂ ਦੇ ਕਿਸੇ ਸ਼ਬਦ ਨੂੰ ਉਹ ਆਪਣੇ ਨੇੜੇ ਢੁੱਕਣ ਨਹੀਂ ਦੇਣਾ ਚਾਹੁੰਦੇ। ਪਿਛਲੇ ਸਾਲ ਸਤੰਬਰ 1988 ਵਿਚ ਪੰਜਾਬ ਵਿਚ ਹੜ੍ਹ ਆਏ ਸਨ ਇਕ ਵੱਡਾ ਕਹਿਰ ਨਾਜ਼ੁਕ ਹੋਇਆ ਸੀ ਸੈਂਕੜੇ ਮਨੁੱਖੀ ਜਾਨਾਂ ਦੇ ਨਾਲ ਨਾਲ ਅਰਬਾਂ ਰੁਪੈ ਦੀ ਸੰਪਤੀ ਵੀ ਬਰਬਾਦ ਹੋ ਗਈ। ਸਭ ਤੋਂ ਵਧੇਰੇ ਨੁਕਸਾਨ ਕਿਸਾਨਾਂ ਦਾ ਹੋਇਆ ਸੀ ਸਾਲ ਦੀ ਪੱਕੀ ਹੋਈ ਖੇਤਾਂ ਵਿਚ ਖੜੀ ਫਸਲ ਸੌ ਫੀਸਦੀ ਨਸ਼ਟ ਹੋ ਗਈ ਸੀ। ਕਈ ਥਾਵਾਂ ਉਪਰ ਤਾਂ ਜਿਥੇ ਫਸਲ ਖੜੀ ਸੀ ਉਥੇ ਰੇਗਿਸਤਾਨ ਨਜ਼ਰ ਆ ਰਿਹਾ ਸੀ। ਸਰਕਾਰ ਨੇ ਉਦੋਂ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਗਲ ਕੀਤੀ। ਪੰਜਾਬ ਦੇ ਰਾਜਪਾਲ ਸ੍ਰੀ ਸਿਧ ਰਥ ਸ਼ੰਕਰ ਰੇਅ ਨੇ ਬੜੀ ਸਰਗਰਮੀ ਨਾਲ ਕਿਸਾਨਾਂ ਨੂੰ ਵਿਤੀ ਮਦਦ ਲਈ ਉਪਰਾਲੇ ਕੀਤੇ। ਪੀੜਤਾਂ ਨੂੰ ਕਪੜੇ ਕੰਬਲ ਆਦਿ ਵੀ ਵੰਡੇ ਗਏ। ਇਹ ਮਾਮੂਲੀ ਜਿਹੀ ਫੌਰੀ ਰਾਹਤ ਸੀ ਬਾਕੀ ਧਾਨ ਦੇ ਮੁਆਵਜ਼ੇ ਲਈ ਆਪ ਨੇ ਕੇਂਦਰੀ ਸਰਕਾਰ ਨਾਲ ਗੱਲ-ਬਾਤ ਕੀਤੀ ਤੇ ਪ੍ਰਤੀ ਏਕੜ 500 ਰੁਪੈ ਮੁਆਵਜ਼ਾ ਮੁਕੱਰਰ ਹੋਇਆ। ਫਸਲ ਦੀ ਗਿਰਦਾਵਰੀ ਵੀ ਹੋ ਗਈ, ਕਿਸਾਨਾਂ ਵਲੋਂ ਵਧੇਰੇ ਮੁਆਵਜ਼ਾ ਮੰਗਣ ਤੇ ਇਹ ਰਕਮ ਵਧਾ ਕੇ 700 ਰੁਪੈ ਕਰਨ ਦੀ ਗਲ ਵੀ ਕਹੀ ਗਈ। ਮੁਆਵਜ਼ਾ ਮਿਲਦਾ ਮਿਲਦਾ ਰੁਕ ਗਿਆ ਜੋ ਅੱਜ ਤੱਕ ਨਹੀਂ ਮਿਲਿਆ। ਇਸ ਦੀ ਰੋਕ ਪਿਛੇ ਦੀ ਕਹਾਣੀ ਸੀ ਉਹ ਹੁਣ ਸਭ ਕੁਝ ਸਮਝ ਵਿਚ ਪੈ ਰਹੀ ਹੈ। ਪੰਜਾਬ ਦੇ ਕੁਝ ਇੰਕਾ ਨੇਤਾ ਤੇ ਕੇਂਦਰ ਵਿਚ ਬੈਠੇ ਲੋਕ, ਇਸ ਮੁਆਵਜ਼ੇ ਨੂੰ ਵੋਟ ਦੀ ਸਿਆਸਤ ਵਜੋਂ ਵਰਤਣਾ ਚਾਹੁੰਦੇ ਸਨ ਉਹਨਾਂ ਦੀ ਖਾਹਸ਼ ਸੀ ਕਿ ਇਹ ਮੁਆਵਜ਼ਾ ਚੋਣਾਂ ਦੇ ਐਨ ਨੇੜੇ ਜਾ ਕੇ ਵੰਡਿਆ ਜਾਵੇ ਤਾਂ ਕਿ ਇਸਦੀ ਸਹਾਇਤਾ ਨਾਲ ਇੰਕਾ ਆਪਣੀਆਂ ਵੋਟਾਂ ਕੈਸ਼ ਕਰਵਾ ਸਕੇ। ਜੇ ਗਵਰਨਰੀ ਰਾਜ ਵਿਚ ਵਾਧਾ ਨਾ ਕੀਤਾ ਜਾਂਦਾ ਅਤੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਹੋ ਜਾਂਦੀਆਂ ਤਾਂ ਇਹ ਮੁਆਵਜ਼ਾ ਵੰਡਿਆ ਗਿਆ ਹੋਣਾ ਸੀ ਪਰ ਚੋਣਾਂ ਨਾ ਹੋਣ ਦੇ ਕਾਰਨ ਕਾਂਗਰਸੀਆਂ ਦੇ ਦਬਾਓ ਦੇ ਕਾਰਨ ਕੇਂਦਰੀ ਸਰਕਾਰ ਇਸ ਪਾਸੇ ਤੋਂ ਖਾਮੋਸ਼ ਹੋ ਗਈ। ਪੰਜਾਬ ਵਿਚ ਕਮਿਊਨਿਸਟ ਪਾਰਟੀ ਤੇ ਮਾਰਕਸੀ ਕਮਿਊਨਿਸਟ ਪਾਰਟੀ ਨੇ ਮੁਆਵਜ਼ੇ ਦੀ ਮੰਗ ਨੂੰ ਲੈਕੇ ਰਾਜ ਅੰਦਰ ਇਕ ਜਨਤਕ ਅੰਦੋਲਨ ਛੇੜਿਆ। ਚੰਡੀਗੜ੍ਹ ਵਿਚ ਇਹਨਾਂ ਵਲੋਂ 29 ਮਈ ਤੋਂ 24 ਜੂਨ ਤੱਕ ਮੋਰਚਾ ਲਗਾਇਆ ਗਿਆ। ਇਹਨਾਂ ਦੋਹਾਂ ਪਾਰਟੀਆਂ ਨਾਲ ਸਬੰਧਤ ਕਿਸਾਨ ਸਭਾਵਾਂ ਦੇ ਵਰਕਰਾਂ ਨੇ ਗ੍ਰਿਫਤਾਰੀਆਂ ਦਿਤੀਆਂ। ਹੁਣ ਪਤਾ ਲੱਗਾ ਹੈ ਕਿ ਕੇਂਦਰੀ ਸਰਕਾਰ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਸਹਿਮਤ ਹੋ ਗਈ ਹੈ, ਪਰ ਵੋਟਾਂ ਕੈਸ਼ ਕਰਵਾਉਣ ਵਾਲੇ ਇੰਕਾ ਨੇਤਾ ਮੁੜ ਸਰਗਰਮ ਹੋ ਗਏ ਹਨ। ਮੁਆਵਜ਼ੇ ਦੀ ਰਕਮ ਨੂੰ ਪਾਰਲੀਮੈਂਟ ਦੀਆਂ ਹੋਣ ਵਾਲੀਆਂ ਚੋਣਾਂ ਤੱਕ ਰੋਕੀ ਰਖਿਆ ਜਾਵੇ। ਇਹ ਕਿਸ ਤਰਾਂ ਦੀ ਸਿਆਸਤ ਹੈ ਜਿਥੇ ਲੋਕਾਂ ਦੇ ਦੁਖ ਦਰਦ ਨਾਲੋਂ ਵੋਟ ਨੂੰ ਤਰਜੀਹ ਦਿਤੀ ਜਾਂਦੀ ਹੈ। ਹੜ੍ਹਾਂ ਦਾ ਖਤਰਾ ਹੁਣ ਮੁੜ ਮੌਜੂਦ ਹੈ। ਸਾਲ ਬੀਤ ਚਲਿਆ ਹੈ ਪਰ ਮੁਆਵਜ਼ੇ ਦਾ ਨਾਂ ਥੇਹ ਨਹੀਂ। ਸਿਰ ਉਪਰ ਹੜ੍ਹਾਂ ਦਾ ਖਤਰਾ ਮੰਡਲਾ ਰਿਹਾ ਹੈ ਜੇ ਹੁਣ ਮੁੜ ਆ ਗਏ ਤਾਂ ਪੰਜਾਬ ਦੀ ਕਿਸਾਨੀ ਦਾ ਜੋ ਹਾਲ ਹੋਵੇਗਾ ਉਹ ਕਿ ਆਸ ਤੋਂ ਬਾਹਰ ਹੈ। ਜੇ ਹਕੂਮਤੀ ਪਾਰਟੀ ਹੀ ਸਿਆਸਤ ਦੀ ਗੰਦੀ ਖੇਡ ਵਿਚ ਉਲਝ ਜਾਵੇਗੀ ਤਾਂ ਬਾਕੀਆਂ ਬਾਰੇ ਕੀ ਕਿਹਾ ਜਾ ਸਕਦਾ ਹੈ। ਜਿਸ ਨੇ ਸਵੱਛ ਪ੍ਰਸ਼ਾਸਨ ਦੇਣਾ ਹੈ। ਉਸ ਨੂੰ ਤਾਂ ਬਿਲਕੁਲ ਬੇਦਾਗ ਹੋਣਾ ਚਾਹੀਦਾ ਹੈ। ਇਸ ਲਈ ਅਸੀਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਤੇ ਹੋਰ ਕਾਂਗਰਸੀ ਪ੍ਰਭੂਆਂ ਨੂੰ ਇਸ ਮਸ਼ਵਰਾ ਦੇਵਾਂਗੇ ਕਿ ਉਹ ਮੁਆਵਜ਼ੇ ਨੂੰ ਕਿਸੇ ਤਰਾਂ ਵੋਟਾਂ ਨਾਲ ਜੋੜਨ ਦੀ ਆਗਿਆ ਨਾ ਦੇਣ। ਕਿਸਾਨ ਮੂੰਹ ਚੁਕ ਕੇ ਸਰਕਾਰ ਵਲ ਵੇਖ ਰਹੇ ਸਨ ਕੱਦ ਉਹਨਾਂ ਨੂੰ ਮੁਆਵਜ਼ਾ ਮਿਲੇ ਤਾਂ ਉਹ ਆਪਣੀ ਕਮਜ਼ੋਰ ਆਰਥਕ ਹਾਲਤ ਨੂੰ ਠੁਮ੍ਹਣਾ ਦੇ ਸਕਣ। ਸਾਲ 1988 ਦੀ ਨੁਕਸਾਨੀ ਗਈ ਫਸਲ ਨੇ ਕਿਸਾਨਾਂ ਨੂੰ ਉਪਰ ਉਠਣ ਨਹੀਂ ਦਿਤਾ। ਇਸ ਸਾਲ ਵਿਚ ਉਹਨਾਂ ਦੇ ਸਿਰ ਟਿਕੀ ਕਰਜ਼ਿਆਂ ਦੀ ਪੰਡ ਹੋਰ ਭਾਰੀ ਹੋਈ ਹੈ। ਖੇਤੀ ਕਿੱਤਾ ਤਾਂ ਹੈ ਹੀ ਘਾਟੇ ਵੰਦ ਕਿੱਤਾ, ਕਿਉਂਕਿ ਕਿਸਾਨਾਂ ਨੂੰ ਕਦੇ ਵੀ ਲਾਗਤ ਨੂੰ ਮੁੱਖ ਰੱਖ ਕੇ ਭਾਅ ਨਹੀਂ ਦਿਤੇ ਗਏ। ਫਿਰ ਪ੍ਰਣਾਲੀ ਕੁਝ ਇਸ ਤਰਾਂ ਦੀ ਹੈ ਕਿ ਨਾਂ ਉਤ-ਪਾਦਕ ਭਾਵ ਕਿਸਾਨਾਂ ਦੇ ਕੁਝ ਪੱਲੇ ਪੈਂਦਾ ਹੈ ਤੇ ਨਾ ਹੀ ਖਪਤਕਾਰਾਂ ਦੇ। ਹੁਣ 183 ਰੁਪਏ ਨੂੰ ਖਰੀਦੀ ਗਈ ਕਣਕ ਆਟਾ ਸਰਦੀਆਂ ਵਿਚ ਚਾਰ ਸੌ ਰੁਪੈ ਨੂੰ ਮਿਲੇਗਾ। ਲੋਟੂ ਵਿਚੋਲੇ ਨੂੰ ਅਜੇ ਤਕ ਖਤਮ ਨਹੀਂ ਕੀਤਾ ਜਾ ਸਕਿਆ। ਕਿਸਾਨਾਂ ਨੂੰ ਲਾਹੇ-ਵੰਦੇ ਭਾਅ ਦਵਾਉਣ ਲਈ ਸਰਕਾਰ ਵਲੋਂ ਕੋਈ ਹੁੰਗਾਰਾ ਨਹੀਂ ਮਿਲ ਰਿਹਾ।ਇਸ ਪਾਸੇ ਵੀ ਭਾਰਤ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਅੰਤ ਵਿਚ ਅਸੀਂ ਕੇਂਦਰੀ ਸਰਕਾਰ ਨੂੰ ਕਹਾਂਗੇ ਕਿ ਉਹ ਪਿਛਲੇ ਸਾਲ ਦਾ ਮੁਆਵਜ਼ਾ ਬਿਨਾਂ ਕਿਸੇ ਦੇਰੀ ਦੇ ਦਵਾਉਣ ਦਾ ਪ੍ਰਬੰਧ ਕਰੇ। ਕਿਸਾਨਾਂ ਵਿਚਾਰਿਆਂ ਨੂੰ ਕੁਝ ਰਾਹਤ ਤਾਂ ਮਿਲੇ।

—ਰਤਨੇਸ਼ ਸਿੰਘ ਸੋਢੀ

(ਸੰਪਾਦਕੀ ਅਕਾਲੀ ਪੱਤ੍ਰਕਾ 10 ਜੁਲਾਈ)

ਪ੍ਰਧਾਨ ਮੰਤਰੀ ਹਨ ਇਸ ਲਈ ਪੰਜਾਬ ਸਮਸਿਆ ਨੂੰ ਹੱਲ ਕਰਨ ਦੀ ਮੁੱਖ-ਜ਼ੁੰਮੇਂ-ਵਾਰੀ ਉਹਨਾਂ ਉਤੇ ਹੀ ਆਉਂਦੀ ਹੈ। ਇਸ ਪਹਿਲੂ ਤੋਂ ਉਹਨਾਂ ਦੀ ਥਾਂ ਥਾਂ ਨੁਕਤਾਚੀਨੀ ਹੋ ਰਹੀ ਹੈ ਅਤੇ ਅੱਤਵਾਦੀ ਤੱਤਾਂ ਵਲੋਂ ਮਾਰੇ ਗਏ ਲੋਕਾਂ ਦੇ ਸ਼ਰਧਾਂਜਲੀ ਸਮਾਗਮਾਂ ਸਮੇਂ ਜਿਥੇ ਸਾਮਰਾਜੀ ਸ਼ਹਿ ਤੇ ਮਦਦ-ਪ੍ਰਾਪਤ ਅੱਤਵਾਦੀ ਵੱਖਵਾਦੀ ਤੱਤਾਂ ਵਿਰੁਧ ਰੋਸ ਤੇ ਰੋਹ ਭਖਦਾ ਹੈ ਉਥੇ ਰਾਜੀਵ ਗਾਂਧੀ ਅਤੇ ਕੇਂਦਰੀ ਸਰਕਾਰ ਵਿਰੁੱਧ ਵੀ ਗੁੱਸਾ ਭੜਕਦਾ ਹੈ। ●

# ਸਾਥੀ ਸੁਰਜੀਤ ਦੀ ਸਿਹਤ ਵਿਚ ਹੋਰ ਸੁਧਾਰ

ਨਵੀਂ ਦਿੱਲੀ, 21 ਜੁਲਾਈ—ਹਿੰਦ ਕਮਿਊਨਿਸਟ ਪਾਰਟੀ (ਮਾਰਕਸ-ਵਾਦੀ) ਦੇ ਪੋਲਿਟ ਬਿਊਰੋ ਦੇ ਮੈਂਬਰ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਦੀ ਸਿਹਤ ਹੁਣ ਤਸਲੀ ਬਖਸ਼ ਹੈ, ਇਹ ਜਾਣਕਾਰੀ ਮਾਸਕੋ ਤੋਂ ਸੀ. ਪੀ. ਆਈ (ਐਮ) ਦੀ ਕੇਂਦਰੀ ਕਮੇਟੀ ਦੇ ਦਫਤਰ ਵਿਚ ਪੁਜੀਆਂ ਸੂਚਨਾਵਾਂ ਤੋਂ ਮਿਲੀ ਹੈ।

ਕੇਂਦਰੀ ਕਮੇਟੀ ਦੇ ਦਫਤਰ ਵਲੋਂ ਸਾਥੀ ਹਰੀ ਸਿੰਘ ਕੰਗ ਨੇ ਰੋਜ਼ਾਨਾ ਲੋਕ ਲਹਿਰ ਨੂੰ ਦਸਿਆ ਕਿ ਸਾਥੀ ਸੁਰਜੀਤ ਨੂੰ ਵਿਸ਼ੇਸ਼ ਨਿਗਰਾਨੀ ਵਾਲੇ ਕਮਰੇ ਤੋਂ ਤਬਦੀਲ ਕਰਕੇ ਜਨਰਲ ਵਾਰਡ ਵਿਚ ਲਿਆਂਦਾ ਗਿਆ ਹੈ ਜਿਥੇ ਮੁਲਾਕਾਤੀਆਂ ਨੂੰ ਉਹਨਾਂ ਨਾਲ ਮੁਲਾਕਾਤ ਕਰਨ ਦੀ ਆਗਿਆ ਦੇ ਦਿਤੀ ਗਈ ਹੈ।

ਸਾਥੀ ਕੰਗ ਅਨੁਸਾਰ ਸੀ. ਪੀ. ਆਈ (ਐਮ) ਦੇ ਰਾਸ਼ਟਰੀ ਸਕਤਰੇਤ ਦੇ ਮੈਂਬਰ ਨਿਕਾਰਾਗੂਆ ਤੋਂ ਵਾਪਸੀ 'ਤੇ ਮਾਸਕੋ ਵਿਚ 2 ਦਿਨ ਲਈ ਰੁਕਣਗੇ ਤੇ ਸਾਥੀ ਸੁਰਜੀਤ ਨਾਲ ਮੁਲਾਕਾਤ ਕਰਨਗੇ।

# ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਔਫ ਕੈਨੇਡਾ ਨੇ ਕਾਮਾ ਗਾਟਾ ਮਾਰੂ ਦੀ 75 ਵੀਂ ਬਰਸੀ ਮਨਾਈ

15 ਜੁਲਾਈ (ਸਨਿਚਰਵਾਰ, 1989 ਨੂੰ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਕਾਮਾ ਗਾਟਾ ਮਾਰੂ ਦੀ ਬਰਸੀ ਬੜੀ ਸਫਲਤਾ ਨਾਲ ਮਨਾਈ। ਸਮਾਂ ਪੰਜ ਤੋਂ ਸੱਤ ਵਜੇ ਸ਼ਾਮ ਦਾ ਸੀ। ਲੋਕ ਸਮੇਂ ਸਿਰ ਪੁੱਜ ਗਏ ਸਨ। ਕਾਮਾ ਗਾਟਾ ਮਾਰੂ ਦੁਰਘਟਨਾ ਜੋ 23 ਮਈ, 1914 ਤੋਂ 23 ਜੁਲਾਈ, 1914 ਤੱਕ ਵੈਨਕੂਵਰ (ਕਨੇਡਾ) ਦੀ ਬਰਾਰਡ ਇਨਲਿਟ ਵਿੱਚ ਵਾਪਰੀ। ਸਾਰੇ ਕਾਫੀ ਪ੍ਰਚਾਰ ਹੋ ਚੁੱਕਾ ਸੀ। ਪਿਛਲੇ ਦੋ ਮਹੀਨੇ ਤੋਂ "ਲੋਕਤਾ" ਵਿੱਚ ਲੇਖ ਛਪ ਰਹੇ ਸਨ ਇਸ ਬਾਰੇ 1985 ਵਿੱਚ ਵੀ 'ਲੋਕਤਾ' ਦਾ ਸਪੇਸ਼ਲ ਤੇ ਪੂਰਾ ਅੰਕ ਛਾਪਿਆ ਗਿਆ ਸੀ। ਕਮਿਊਨਿਟੀ ਵਿੱਚ ਹੋਰ ਵਿਅਕਤੀ ਤੇ ਸੰਸਥਾਵਾਂ ਆਪੋ ਆਪਣੇ ਢੰਗ ਨਾਲ ਮਨਾ ਰਹੇ ਸਨ। ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨੇ ਕਾਮਾ ਗਾਟਾ ਮਾਰੂ ਹਫਤੇ ਦਾ ਐਲਾਨ ਕਰਨ; ਇਸ ਦੁਰਘਟਨਾ ਨੂੰ ਤੇ ਬੇਇਨਸਾਫੀ ਨੂੰ ਸਵੀਕਾਰ ਕਰਨ ਅਤੇ ਇਸ ਤੇ ਪਛਤਾਵੇ ਤੇ ਗਲਤੀ ਮੰਨਣ ਤੇ ਐਲਾਨਨਾਮਾ ਕਰਨ ਅਤੇ ਯਾਦਗਾਰੀ ਪਲੇਟ ਲਾਉਣ ਲਈ ਲੋਕ ਸੂਬਾਈ ਤੇ ਕੇਂਦਰੀ ਸਰਕਾਰ ਨੂੰ ਆਖਿਆ ਸੀ। ਪਹਿਲੀਆਂ ਦੋ ਗੱਲਾਂ ਬਾਰੇ ਵੈਨਕੂਵਰ ਸ਼ਹਿਰ ਕੁਝ ਹੋਰ ਕੌਂਸਲਾਂ ਨੂੰ ਵੀ ਕੀਤਾ ਹੈ) ਅਤੇ ਸੂਬਾਈ ਸਰਕਾਰ ਨੇ ਐਲਾਨ ਕੀਤੇ ਹਨ। ਯਾਦਗਾਰੀ ਪਲੇਟ ਬਾਰੇ ਗੱਲ ਚਲ ਰਹੀ ਹੈ।

ਇਸ ਸੰਦਰਭ ਵਿੱਚ ਬੜੀ ਸਫਲ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਸਾਥੀ ਸੁਰਿੰਦਰ ਸੰਘਾ (ਪ੍ਰਧਾਨ) ਅਤੇ ਸਕੱਤਰ ਦੀ ਡਿਊਟੀ ਸਾਥੀ ਮਹਿੰਦਰ ਸ਼ੂਮਲ ਨੇ ਨਿਭਾਇਆ। ਉਹਨਾਂ ਦੇ ਨਾਲ ਸਾਥੀ ਗੁਰਨਾਮ ਸਿੰਘ ਸੰਘੇੜਾ ਸਨ।

ਮੀਟਿੰਗ ਆਰੰਭ ਹੋਣ ਤੋਂ ਥੋੜ੍ਹੀ ਹੀ ਦੇਰ ਪਹਿਲਾਂ ਪਤਾ ਲਗਾ ਕਿ ਸਾਥੀ ਅਮਰਜੀਤ ਸੂਫੀ ਦੇ ਪਿਤਾ ਜੀ ਸ੍ਰੀ ਹਰਚਰਨ ਸਿੰਘ ਦਾ ਭਾਰਤ ਵਿੱਚ ਦਿਹਾਂਤ ਹੋ ਗਿਆ ਹੈ। ਉਸ ਨਾਲ ਸਾਥੀਆਂ ਤੇ ਕਾਫੀ ਅਸਰ ਪਿਆ। ਇਸ ਤੇ ਸ਼ੋਕਮਈ ਮਤਾ ਪਾਸ ਕੀਤਾ ਗਿਆ ਤੇ ਇੱਕ ਮਿੰਟ ਦੀ ਚੁੱਪ ਧਾਰਨ ਕੀਤੀ ਗਈ। ਸਾਥੀ ਮਹਿੰਦਰ ਸ਼ੂਮਲ ਨੇ ਇਸ ਦਿਹਾੜੇ ਦੀ ਮਹਾਨਤਾ ਤੇ ਮਨਾਉਣ ਬਾਰੇ ਦੱਸਿਆ। ਇਹ ਸਾਡਾ ਵੱਡਮੁੱਲਾ ਇਤਿਹਾਸ ਹੈ ਅਤੇ ਉਸ ਸਪਿਰਿਟ ਦੀ ਅੱਜ ਵੀ ਲੋੜ ਹੈ।

ਪਿਛੋਂ ਸਾਥੀ ਗੁਰਨਾਮ ਸਿੰਘ ਸੰਘੇੜਾ ਨੇ ਵਿਸਥਾਰ-ਪੂਰਵਕ ਢੰਗ ਨਾਲ ਕਾਮਾ ਗਾਟਾ ਮਾਰੂ ਦੀ ਦੁਰਘਟਨਾ ਕਨੇਡੀਅਨ ਨਸਲਵਾਦੀ ਨਿਯਮਾਂ ਤੇ ਕਾਨੂੰਨਾਂ ਬਰਤਾਨਵੀਂ ਸਾਮਰਾਜ ਦੀ ਮਿਲਭੁਗਤ ਅਤੇ ਉਸ ਵਲੋਂ ਵਿਦੇਸ਼ੀ ਭਾਰਤੀਆਂ ਦੀ ਜਾਸੂਸੀ ਬਾਰੇ ਦੱਸਿਆ। ਬਰਤਾਨੀਆਂ ਤੇ ਕਨੇਡੀਅਨ ਸਰਕਾਰਾਂ ਦੀ 1908 ਵਿੱਚ ਲੰਡਨ ਵਿੱਚ ਬੈਠ ਕੇ ਭਾਰਤੀਆਂ ਨੂੰ ਕਨੇਡਾ ਵਿੱਚ ਵੜਨ ਤੋਂ ਰੋਕਣ ਦੀ ਘੜੀ ਸਾਜ਼ਿਸ਼ ਅਤੇ ਉਸ ਅਧੀਨ ਸਿੱਧੇ ਅਟੁੱਟ ਸਫਰ ਅਤੇ ਹਰ ਮੁਸਾਫਰ ਪਾ. ਦੋ ਸਾਲ ਡਾਲਰ ਹੋਣ ਦੀਆਂ ਸ਼ਰਤਾਂ ਬਾਰੇ ਦੱਸਿਆ। ਫਿਰ ਉਹਨਾਂ ਨਾਲ ਕੀਤੇ ਦੁਰ-ਵਿਵਹਾਰ ਅਤੇ ਨਸਲਵਾਦੀ ਸਟੀਵਨ ਐਮ. ਪੀ., ਰੀਡ ਅਤੇ ਸਾਮਰਾਜੀ ਏਜੰਟ ਜਾਸੂਸ ਹਾਪਕਿਨਸਨ ਦੇ ਭਾਰਤੀਆਂ ਵਿਰੋਧੀ ਸਰਗਰਮੀਆਂ ਤੇ ਰੋਸ਼ਨੀ ਪਾਈ। ਉਹਨਾਂ ਦੱਸਿਆ ਕਿ ਕਿਵੇਂ ਜਹਾਜ਼ ਦੇ ਮੁਸਾਫਰਾਂ ਅਤੇ ਕਨੇਡਾ ਦੇ ਭਾਰਤੀਆਂ ਨੇ ਏਕਤਾ ਦਿਖਾਈ ਅਤੇ ਭਾਰਤੀਆਂ ਦੇ ਤੌਰ ਤੇ ਏਕਤਾ ਤੇ ਭਰਾਤਰੀ ਭਾਵ, ਲੜਾਈ ਇੱਕ ਵਧੀਆ ਤੇ ਨਮੂਨੇ ਵਾਲਾ ਅੱਜ ਲਈ ਚਿੰਨ੍ਹ ਹੈ। ਉਸ ਸਮੇਂ ਲਈ ਖਾਲਸਾ ਦੀਵਾਨ ਸੁਸਾਇਟੀ ਤੇ ਯੂਨਾਈਟਿਡ ਇੰਡੀਅਨ ਲੀਗ ਨੇ ਇੱਕ ਮੁੱਠ ਹੋ ਕੇ ਮੱਦਦ ਕੀਤੀ। ਕਾਮਾ ਗਾਟਾ ਮਾਰੂ ਅਤੇ ਉਸ ਸਮੇਂ ਦੇ ਭਾਰਤੀ ਤੇ ਸੁਸਾਇਟੀਆਂ ਗਦਰੀਆਂ ਪਾਰਟੀ ਦੇ ਨਾਲ ਸਨ। ਅਤੇ ਗਦਰੀ ਪਾਰਟੀ ਨੇ ਉਹਨਾਂ ਨੂੰ ਪ੍ਰਭਾਵਿਤ ਕੀਤਾ। ਉਹਨਾਂ ਨੇ ਧਰਮ ਨੂੰ ਸਿਆਸਤ ਵਿੱਚ ਦਾਖਲ ਨਾ ਹੋਣ ਦਿੱਤਾ ਅਤੇ ਨਾ ਵੰਡੀਆਂ ਪੈਣ ਦਿੱਤੀਆਂ। ਭਾਰਤੀ ਏਕਤਾ ਤੇ ਭਰਾਤਰੀ ਭਾਵ ਆਜ਼ਾਦੀ ਲਈ ਲੜੇ। ਸੋ ਅੱਜ ਵੀ ਭਾਰਤੀ ਅਖੰਡਤਾ ਨੂੰ ਖਤਰਾ ਹੈ ਅਤੇ ਮੂਲਵਾਦੀ ਫਿਰਕੂ ਲੋਕ ਭਾਰਤ ਤੋੜਨ ਤੇ ਤੁਲੇ ਹੋਏ ਹਨ। ਸੋ ਕਾਮਾ ਗਾਟਾ ਮਾਰੂ ਪੁਕਾਰ ਰਿਹਾ ਹੈ ਕਿ ਇਹਨਾਂ ਵਿਰੁੱਧ ਲੜੋ ਅਤੇ ਉਸ ਜਹਾਜ਼ ਤੇ ਉਹਨਾਂ ਸੁਸਾਇਟੀਆਂ ਦੇ ਵਿਰਸੇ ਦੇ ਵਾਰਸ ਹਾਂ ਨਾਂ ਕਿ ਫਿਰਕੂ ਲੋਕ। ਨਾਲ ਹੀ ਉਹਨਾਂ ਕਾਂਗਰਸ ਦੀਆਂ ਨੀਤੀਆਂ ਬਾਰੇ ਦੱਸਿਆ ਕਿ 1904 ਵਿੱਚ ਵੀ ਕਾਂਗਰਸ ਨੇ ਕਾਮਾ ਗਾਟਾ ਮਾਰੂ ਬਾਰੇ ਮਤਾ ਨਾ ਪਾਸ ਕੀਤਾ। ਅੱਜ ਵੀ ਇਹ ਫਿਰਕਾਪ੍ਰਸਤੀ ਨੂੰ ਉਤਸ਼ਾਹਿਤ ਕਰਦੀ ਹੈ। ਇਸ ਨੂੰ ਗੱਤੀ ਤੋਂ ਲਾਹੁਣਾ ਹੈ।

ਭਾਰਤ ਕਾਂਗਰਸ ਦਾ ਨਹੀਂ, ਲੋਕਾਂ ਦਾ ਹੈ, ਮਜ਼ਦੂਰ ਕਿਸਾਨਾਂ ਦਾ ਹੈ, ਸਾਡਾ ਹੈ ਅਤੇ ਇਸ ਦੀ ਅਖੰਡਤਾ ਅਤੇ ਏਕਤਾ ਨੂੰ ਬਚਾਉਣਾ ਜ਼ਰੂਰੀ ਹੈ। ਉਹਨਾਂ ਦੱਸਿਆ ਕਿ ਅੱਜ ਕਈ ਜਥੇਬੰਦੀਆਂ ਉਹਨਾਂ ਨੂੰ ਧਰਮ ਦੇ ਨਾਮ ਤੇ ਪੇਸ਼ ਕਰਨ ਦੇ ਯਤਨ ਵਿੱਚ ਹਨ, ਜੋ ਪਾੜਾ ਪਾ ਰਹੇ ਹਨ। ਅੱਜ ਵੀ ਨਸਲਵਾਦ ਹੈ, ਵਿਤਕਰਾ ਹੈ। ਉਸ ਹੀ ਤਰ੍ਹਾਂ ਸਾਮਰਾਜੀ ਸਾਜ਼ਿਸ਼ਾਂ ਕਰ ਰਹੇ ਹਨ। ਹੁਣ ਸੀ. ਆਈ. ਏ. ਭਾਰਤ ਨੂੰ ਅਸਥਿਰ ਕਰਨ ਲਈ ਤੱਤਪਰ ਹੈ ਅਤੇ ਖਾਲਿਸਤਾਨੀ ਮੂਲਵਾਦੀ ਉਹਨਾਂ ਦੇ ਮੋਹਰੇ ਦੇ ਤੌਰ ਤੇ ਕੰਮ ਕਰ ਰਹੇ ਹਨ ਪਰ ਅਸੀਂ ਗਦਰੀਆਂ ਦੇਸ਼ ਭਗਤਾਂ ਅਤੇ ਮਜ਼ਦੂਰ ਕਿਸਾਨਾਂ ਲਈ ਆਨ - ਸ਼ਾਨ ਲਈ ਸਾਮਰਾਜੀਆਂ ਤੇ ਉਹਨਾਂ ਦੇ ਏਜੰਟਾਂ ਨੂੰ ਨਿਖੇੜਨਾ ਤੇ ਭਾਂਜ ਦੇਣੀ ਹੈ।

ਪਿਛੋਂ ਸ੍ਰੀ ਉਜਲ ਦੁਸਾਂਝ ਨੇ ਮੂਲਵਾਦੀਆਂ ਅਤੇ ਕਮਿਊਨਿਟੀ ਵਿੱਚ ਮੌਕਾਪ੍ਰਸਤਾਂ ਦੇ ਦੋ ਫਾੜ ਪਾਉਣ ਵਾਲਿਆਂ ਤੋਂ ਸੁਚੇਤ ਹੋਣ ਲਈ ਆਖਿਆ। ਉਸ ਨੇ ਕਾਮਾ ਗਾਟਾ ਮਾਰੂ ਦੀ ਅਸਲੀ ਅਹਿਮੀਅਤ ਤੇ ਅੱਜ ਦੇ ਹਾਲਾਤ ਤੇ ਲਾਗੂ ਕਰਕੇ ਭਾਰਤ ਨੂੰ ਅਖੰਡ ਰੱਖਣ ਲਈ ਆਖਿਆ। ਉਹਨਾਂ ਨੇ ਕਾਮਾ ਗਾਟਾ ਮਾਰੂ ਹਫਤਾ ਅਤੇ ਐਲਾਨਨਾਮਿਆਂ ਬਾਰੇ ਦੱਸਿਆ। ਫਿਰਕੂਆਂ ਵਲੋਂ ਇਤਿਹਾਸ ਨੂੰ ਮਰੋੜਨ ਤੋੜਨ ਤੋਂ ਸੁਚੇ ਤ ਰਹਿਣ ਲਈ ਅਪੀਲ ਕੀਤੀ।

ਫਿਰ ਸਾਥੀ ਕੁਲਵੰਤ ਢੇਸੀ ਨੇ ਕਾਮਾਗਾਟਾ ਮਾਰੂ ਦੇ ਸੁਨੇਹੇ ਨੂੰ ਅੱਗੇ ਤੋਰਨ ਅਤੇ ਉਸ ਵਿਰਸੇ ਨੂੰ ਸੰਭਾਲਣ ਲਈ ਆਖਿਆ। ਉਸ ਨੇ ਭਾਰਤ ਵਿੱਚ ਮੂਲਵਾਦੀ ਫਿਰਕੂ ਵੱਖਵਾਦੀਆਂ ਦੇ ਕਲੰਕਤ ਕਾਰਜਾਂ ਅਤੇ ਘਿਨੌਣੀਆਂ ਹਰਕਤਾਂ ਤੇ ਚਾਨਣ ਪਾਉਂਦੇ ਹੋਏ ਆਖਿਆ ਕਿ ਉਹਨਾਂ ਕਾਮਾ ਗਾਟਾ ਮਾਰੂ ਦੇ ਮੁਸਾਫਰਾਂ ਨੂੰ ਇਹ ਸਭ ਤੋਂ ਉਚੀ ਸ਼ਰਧਾਂਜਲੀ ਹੋਵੇਗੀ ਕਿ ਜੇਕਰ ਅਸੀਂ ਦਹਿਸ਼ਤਪਸੰਦ ਵੱਖਵਾਂਦੀਆਂ ਨੂੰ ਭਾਂਜ ਦੇਈਏ। ਨਾਲ ਹੀ ਇਥੇ ਨਸਲੀ ਵਿਤਕਰੇ ਵਿਰੁੱਧ ਲੜੀਏ

ਆਖਰ ਵਿੱਚ ਪ੍ਰਧਾਨ ਸੁਰਿੰਦਰ ਸੰਘਾ ਹੋਰੀਂ ਆਏ। ਸਰੋਤਿਆਂ ਦਾ ਧੰਨਵਾਦ ਕਰਦੇ ਹੋਏ ਆਖਿਆ ਕਿ ਅੱਜ ਦੀ ਮੀਟਿੰਗ ਤਦ ਹੀ ਸਫਲ ਸਮਝੀ ਜਾਵੇਗੀ ਜੇਕਰ ਅਸੀਂ ਕਾਮਾ ਗਾਟਾ ਮਾਰੂ ਦੀ ਅਸਲੀਅਤ ਅਤੇ ਉਹਨਾਂ ਦੇ ਕਾਰਨਾਮਿਆਂ ਨੂੰ ਅਮਲੀ ਰੂਪ ਵਿੱਚ ਲਾਗੂ ਕਰੀਏ। ਅਸੀਂ ਭਰਾਤਰੀ ਭਾਵ ਮਜ਼ਬੂਤ ਕਰੀਏ। ਸੀ. ਆਈ. ਏ. ਤੇ ਸਾਮਰਾਜੀ ਤੇ ਉਹਨਾਂ ਦੇ ਏਜੰਟਾਂ ਨੂੰ ਭਾਂਜ ਦੇਈਏ। ਉਹਨਾਂ ਬੋਲਦਿਆਂ ਆਖਿਆ ਕਿ ਕਈ ਲੋਕ ਇਸ ਦੀ ਦੁਰਵਰਤੋਂ ਕਰਨਗੇ ਅਤੇ ਉਤਰੀ ਅਮਰੀਕਾ ਦੀ ਭਾਰਤੀ ਵਸੋਂ ਦੀ ਭਾਰੀ ਬਹੁ-ਮੱਤ ਨੇ ਗਦਰੀਆਂ ਤੇ ਕਾਮਾ ਗਾਟਾ ਮਾਰੂ ਦਾ ਸਾਥ ਦਿੱਤਾ ਅਤੇ ਭਾਰਤੀ ਆਜ਼ਾਦੀ,

(ਬਾਕੀ ਸਫਾ 13 ਤੇ)

# ਅੱਤਵਾਦੀਆਂ ਦੇ ਇੰਕਸ਼ਾਫ

ਕੁਝ ਹਫਤੇ ਪਹਿਲਾਂ ਸਰਕਾਰੀ ਹਲਕਿਆਂ ਨੂੰ ਇਸ ਗੱਲ ਦੇ ਸੰਕੇਤ ਮਿਲੇ ਸਨ ਕਿ ਸੋਹਨ ਸਿੰਘ (ਡਾਕਟਰ) ਦੀ ਅਗਵਾਈ ਵਿਚਲੀ ਪੰਥਕ ਕਮੇਟੀ ਨੇ ਪੰਜਾਬ ਅੰਦਰ ਆ ਰਹੀਆਂ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਵੱਡੀ ਪੱਧਰ ਉੱਤੇ ਗੜਬੜ ਕਰਨ ਦਾ ਪਰੋਗਰਾਮ ਉਲੀਕਿਆ ਹੈ। ਇਸ ਪ੍ਰੋਗਰਾਮ ਵਿਚ ਹਿੰਦ ਸਮਾਚਾਰ ਅਖਬਾਰ ਸਮੂਹ ਦੀ ਵਿਕਰੀ ਬੰਦ ਕਰਾਉਣਾ, ਘੱਟ ਗਿਣਤੀ ਫਿਰਕੇ ਦੇ ਲੋਕਾਂ ਉੱਤੇ ਹਮਲੇ ਕਰਨਾ, ਭੀੜ ਭੜੱਕੇ ਵਾਲੀਆ ਥਾਵਾਂ ਉੱਤੇ ਬੰਬ ਰੱਖਣਾ ਅਤੇ ਦਹਿਸ਼ਤ ਪਾਉਣ ਵਾਲੇ ਹੋਰ ਐਕਸ਼ਨ ਕਰਨਾ ਸ਼ਾਮਲ ਸੀ। ਇਸ ਪ੍ਰੋਗਰਾਮ ਉੱਤੇ ਅਮਲ ਸ਼ੁਰੂ ਹੋ ਚੁਕਾ ਹੈ। ਇਸ ਤੋਂ ਬਿਨਾਂ ਦੂਜੀਆਂ ਨਾਮ-ਨਿਹਾਦ ਪੰਥਕ ਕਮੇਟੀਆਂ ਵੀ ਆਪਣੇ ਪ੍ਰੋਗਰਾਮ ਅਨੁਸਾਰ ਅੱਤਵਾਦੀ ਐਕਸ਼ਨ ਕਰਵਾ ਰਹੀਆਂ ਹਨ। ਇਸ ਦੇ ਨਾਲ ਹੀ ਜਿਹੜੇ ਅੱਤਵਾਦੀ ਟੋਲੇ ਪਿਛਲੇ ਦਿਨਾਂ ਵਿਚ ਹਰਿਆਣੇ ਦੇ ਕਸਬਾ ਗੁੜਗਾਵਾਂ ਵਿਚ ਮਾਰੇ ਗਏ ਹਨ ਜਾਂ ਉਹਨਾਂ ਤੋਂ ਮਿਲੇ ਚਿੱਠੀ ਪੱਤਰਾਂ ਅਨੁਸਾਰ ਹੋਰ ਕਾਬੂ ਕੀਤੇ ਗਏ ਹਨ ਉਹਨਾਂ ਨੇ ਜਿਹੜੇ ਵੀ ਇੰਕਸਾਫ ਕੀਤੇ ਹਨ ਉਹ ਜੇ ਸਿਰੇ ਚੜ੍ਹ ਜਾਂਦੇ ਤਾਂ ਰਾਜਧਾਨੀ ਦਿੱਲੀ ਵਿਚ ਵੱਡੀ ਤਬਾਹੀ ਹੋਣੀ ਸੀ। ਪਰ ਇਹਨਾਂ ਦੇ ਫੜੇ ਜਾਣ ਨਾਲ ਖਤਰੇ ਖਤਮ ਨਹੀਂ ਹੋਏ ਕੇਵਲ ਟਲੇ ਹੀ ਹਨ।

ਪੰਜਾਬ ਤੋਂ ਬਾਹਰੋਂ ਅੱਤਵਾਦੀ ਤੱਤਾਂ ਦੀਆਂ ਗ੍ਰਿਫਤਾਰੀਆਂ ਅਤੇ ਉਹਨਾਂ ਦੇ ਮਾਰੇ ਜਾਣ ਦੀਆਂ ਘਟਨਾਵਾਂ ਨੇ ਹੋਰ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਅੱਤਵਾਦੀ ਤੱਤਾਂ ਕੋਲ ਹਥਿਆਰ ਵੀ ਕਾਫੀ ਹਨ ਅਤੇ ਉਹਨਾਂ ਦੇ ਪੰਜਾਬ ਤੋਂ ਬਾਹਰ ਹਰਿਆਣਾ ਅਤੇ ਦਿੱਲੀ ਵਿਚ ਵੀ ਅੱਡੇ ਹਨ।

ਪੰਜਾਬ ਅੰਦਰ ਪਿਛਲੇ ਕੁਝ ਮਹੀਨਿਆਂ ਵਿਚ ਅੱਤਵਾਦੀਆਂ ਦੇ ਵੱਡੀ ਪੱਧਰ ਉੱਤੇ ਮਾਰੇ ਜਾਣ ਦੇ ਬਾਵਜੂਦ ਉਹ ਸਰਹੱਦੀ ਜ਼ਿਲਿਆਂ ਵਿਚ ਪਹਿਲਾਂ ਵਾਂਗ ਹੀ ਹਥਿਆਰ ਲੈਕੇ ਘੁੰਮ ਰਹੇ ਹਨ ਜਦ ਕਿ ਦੂਸਰੇ ਜ਼ਿਲਿਆਂ ਵਿਚ ਉਹ ਖੁਫੀਆ ਸਰਗਰਮੀਆਂ ਜਾਰੀ ਰੱਖ ਰਹੇ ਹਨ।

ਦੂਜੇ ਪਾਸੇ ਨਾਮ-ਨਿਹਾਦ ਪੰਥਕ ਕਮੇਟੀਆਂ ਦੇ ਮੈਂਬਰਾਂ ਦੀ ਪਾਕਿਸਤਾਨ ਵਿਚੋਂ ਏਧਰ ਅਤੇ ਇਸ ਪਾਸੇ ਤੋਂ ਪਾਕਿਸਤਾਨ ਅੰਦਰ ਆਵਾਜਾਈ ਜਾਰੀ ਹੈ। ਅੱਜ ਦੇ ਅਖਬਾਰਾਂ ਵਿਚ ਤਾਂ ਇਹ ਵੀ ਖਬਰ ਛਪੀ ਹੈ ਕਿ ਪਾਕਿਸਤਾਨ ਅੰਦਰ (ਪੰਜਾਬ ਵਿਚ) 17 ਟਰੇਨਿੰਗ ਕੈਂਪ ਚਲ ਰਹੇ ਹਨ ਜਿੰਨਾਂ ਵਿਚ ਅੱਤਵਾਦੀ ਤੱਤਾਂ ਨੂੰ ਨਵੀਨ ਹਥਿਆਰ ਚਲਾਉਣ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ। ਨਿਸਚੇ ਹੀ ਟਰੇਨਿੰਗ ਹਾਸਲ ਕਰ ਰਹੇ ਵਿਅਕਤੀ ਇਸ ਪਾਸੇ ਆਉਣਗੇ। ਪਾਕਿਸਤਾਨ ਅੰਦਰ ਰਹਿ ਰਹੇ ਅੱਤਵਾਦੀ ਤੱਤਾਂ ਦੇ ਏਧਰ ਪੰਜਾਬ ਆਉਣ ਵਿਚ ਪਾਕਿਸਤਾਨੀ ਰੇਂਜਰ ਹਰ ਢੰਗ ਨਾਲ ਮਦਦ ਕਰ ਰਹੇ ਹਨ।

ਜਦੋਂ ਪਾਕਿਸਤਾਨ ਵਿਚ ਬੇਨਜ਼ੀਰ ਤਾਕਤ ਵਿਚ ਆਈ ਸੀ ਤਾਂ ਉਸ ਨੇ ਆਖਿਆ ਸੀ ਕਿ ਉਹ ਅੱਤਵਾਦੀਆਂ ਨੂੰ ਟਰੇਨਿੰਗ ਦੇਣ ਲਈ ਪਾਕਿਸਤਾਨ ਖੇਤਰ ਦੀ ਵਰਤੋਂ ਕਰਨ ਦੇ ਵਿਰੁੱਧ ਹੈ। ਉਸ ਨੇ ਓਦੋਂ ਇਹ ਵੀ ਤਾੜਨਾ ਕੀਤੀ ਸੀ ਕਿ ਜੇ ਏਧਰ ਇਸ ਤਰਾਂ ਦੀ ਗੱਲ ਹੁੰਦੀ ਹੈ ਤਾਂ ਭਾਰਤ ਵੀ ਸਿੰਧ ਵਾਲੇ ਖੇਤਰ ਵਿਚ ਇਸ ਤਰਾਂ ਦੀ ਕੋਈ ਗੱਲ ਕਰ ਸਕਦਾਂ ਹੈ।

ਤਾਕਤ ਵਿਚ ਆਉਣ ਪਿੱਛੋਂ ਬੇਨਜ਼ੀਰ ਭੁਟੋ ਨੇ ਅਫਗਾਨਿਸਤਾਨ ਬਾਰੇ ਹੋਏ ਜੇਨੇਵਾ ਸਮਝੌਤੇ ਨੂੰ ਲਾਗੂ ਕਰਨ ਦੀ ਸੇਧ ਵਿਚ ਅਫ਼ਗਾਨ ਬਾਗੀਆਂ ਦੇ ਵਾਪਿਸ ਆਪਣੇ ਦੇਸ਼ ਮੁੜਨ ਦੀ ਗੱਲ ਵੀ ਕੀਤੀ ਸੀ। ਪਰ ਹੁਣ ਬੇਨਜ਼ੀਰ ਅਫਗਾਨਿਸਤਾਨ ਬਾਰੇ ਲੱਗ ਪੱਗ ਓਸੇ ਪਾਲਸੀ ਉੱਤੇ ਹੀ ਚਲ ਰਹੀ ਹੈ ਜਿਸ ਉੱਤੇ ਕਿ ਜ਼ਿਆ-ਉਲ-ਹੱਕ ਚਲ ਰਿਹਾ ਸੀ।

ਏਸੇ ਹੀ ਤਰਾਂ ਬੇਨਜ਼ੀਰ ਭੁਟੋ ਦੇ ਗੱਦੀ ਤੇ ਚੜ੍ਹਨ ਤੋਂ ਪਿਛੋਂ ਦੇ ਪੰਜਾਬ ਦੇ ਅੱਤਵਾਦੀਆਂ ਨੂੰ ਪਨਾਹ ਨਾ ਦੇਣ ਦੇ ਬਿਆਨਾਂ ਦ ਉਲਟ ਅੱਤਵਾਦੀ ਤੱਤਾਂ ਬਾਰੇ ਉਸਦੀ ਪਾਲਸੀ ਵੀ ਜ਼ਿਆ-ਉਲ-ਹੱਕ ਵਾਲੀ ਹੀ ਜਾਪਦੀ ਹੈ ਅਤੇ ਇਹਨਾਂ ਤੱਥਾਂ ਵਿਚ ਕੋਈ ਸ਼ੱਕ ਨਹੀਂ ਕਿ ਪਾਕਿਸਤਾਨੀ ਸੂਬੇ ਪੰਜਾਬ ਵਿਚਲੀ ਅਪੋਜ਼ੀਸ਼ਨ ਦੀ ਸਰਕਾਰ ਆਪਣੀ ਮਰਜ਼ੀ ਨਾਲ ਹੀ ਅੱਤਵਾਦੀ ਤੱਤਾਂ ਨੂੰ ਟਰੇਨਿੰਗ ਦੇਣ ਦੀ ਪਾਲਸੀ ਜਾਰੀ ਰੱਖ ਰਹੀ ਹੈ।

ਇਸ ਗੱਲ ਵਿਚ ਕੋਈ ਵੀ ਸ਼ੱਕ ਨਹੀਂ ਕਿ ਪਾਕਿਸਤਾਨ ਵਿਚ ਡਿਕਟੇਟਰਸ਼ਿਪ ਦਾ ਖਾਤਮਾ ਹੋ ਗਿਆ ਹੈ ਅਤੇ ਓਥੇ ਜਮਹੂਰੀਅਤ ਬਹਾਲ ਹੋ ਗਈ ਹੈ ਅਤੇ ਸਿੱਟੇ ਵਜੋਂ ਬੇਨਜ਼ੀਰ ਪਰਧਾਨ ਮੰਤਰੀ ਬਣ ਗਈ ਹੈ ਪਰ ਉਸਦੇ ਪਰਧਾਨ ਮੰਤਰੀ ਬਣਨ ਨਾਲ ਪਾਕਿਸਤਾਨ ਦੀ ਬਦੇਸੀ ਨੀਤੀ ਵਿਚ ਬਹੁਤਾ ਫਰਕ ਨਹੀਂ ਪਿਆ।

ਪਾਕਿਸਤਾਨ ਦਾ ਆਰਥਕ ਢਾਂਚਾ ਅਤੇ ਫੌਜੀ ਤਾਣਾ ਬਾਣਾ ਅਮਰੀਕਾ ਉਤੇ ਬੁਰੀ ਤਰਾਂ ਨਿਰਭਰ ਹੈ। ਇਸ ਤੋਂ ਬਿਨਾ ਸਾਬਕਾ ਫੌਜੀ ਹਾਕਮਾਂ ਨੇ ਜਿਹੜੇ ਇਕਰਾਰ ਅਮਰੀਕਾ ਨਾਲ ਕੀਤੇ ਸਨ ਉਹਨਾਂ ਨੂੰ ਬੇਨਜ਼ੀਰ ਭੁਟੋ ਦੀ ਸਰਕਾਰ ਜਾਰੀ ਰਖ ਰਹੀ ਹੈ।

ਪਾਕਿਸਤਾਨ ਵਲੋਂ ਅੱਤਵਾਦੀ ਤੱਤਾਂ ਨੂੰ ਪਨਾਹ ਅਤੇ ਟਰੇਨਿੰਗ ਦੇਣ ਦਾ ਮਾਮਲਾ ਭਾਰਤ ਸਰਕਾਰ ਬੇਨਜ਼ੀਰ ਭੁਟੋ ਦੀ ਸਰਕਾਰ ਕੋਲ ਉਠਾਉਂਦੀ ਚਲੀ ਆ ਰਹੀ ਹੈ ਅਤੇ ਦੋਹਾਂ ਦੇਸਾਂ ਦੀ ਸਰਹੱਦ ਉਤੇ ਘੁਸ-ਪੈਠ ਰੋਕਣ ਲਈ ਦੋਹਾਂ ਹੀ ਦੇਸ਼ਾਂ ਦੇ ਸਰਹੱਦੀ ਸੁਰਖਿਆ ਦਲਾਂ ਦੇ ਮੁਖੀਆਂ ਦੀਆਂ ਰਵਾਇਤੀ ਕਾਨਫਰੰਸਾਂ ਵੀ ਹੁੰਦੀਆਂ ਆ ਰਹੀਆਂ ਹਨ।

ਇਹ ਗਲ ਵੀ ਸਪਸ਼ਟ ਹੈ ਕਿ ਪਰਧਾਨ ਮੰਤਰੀ ਰਾਜੀਵ ਗਾਂਧੀ ਨੇ ਅੱਜ ਆਪਣੀ ਪਾਕਿਸਤਾਨ ਫੇਰੀ ਸਮੇਂ ਅੱਤਵਾਦੀ ਤੱਤਾਂ ਨੂੰ ਪਨਾਂਹ ਅਤੇ ਟਰੇਨਿੰਗ ਦੇਣ ਦਾ ਮਾਮਲਾ ਉਠਾਇਆ ਹੋਵੇ। ਆਖਰਕਾਰ ਜੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਬੰਧ ਸੁਧਰਨੇ ਹਨ ਤਾਂ ਨਿਸਚੇ ਹੀ ਉਸ ਦੇਸ਼ ਨੂੰ ਅੱਤਵਾਦੀ ਤੱਤਾਂ ਨੂੰ ਪਨਾਂਹ ਅਤੇ ਟਰੇਨਿੰਗ ਨਾ ਦੇਣ ਬਾਰੇ ਵਿਸ਼ਵਾਸ਼ ਹੀ ਨਹੀਂ ਦਵਾਉਣਾ ਹੋਵੇਗਾ ਸਗੋਂ ਅਮਲ ਵਿਚ ਵੀ ਕੁਝ ਕਰਨਾ ਪਏਗਾ।

ਉਪਰੋਕਤ ਸਾਰੇ ਪਹਿਲੂਆਂ ਨੂੰ ਇਕ ਪਾਸੇ ਰਖਦਿਆਂ ਜਦੋਂ ਅਜੋਕੀ ਅਵਸਥਾ ਵਿਚ ਅਸੀਂ ਅੱਤਵਾਦੀ-ਵੱਖਵਾਦੀ ਤੱਤਾਂ ਦਾ ਵਿਸ਼ਲੇਸ਼ਨ ਕਰਦੇ ਹਾਂ ਤਾਂ ਏਸੇ ਸਿਟੇ ਉਤੇ ਹੀ ਪੁਜਦੇ ਹਾਂ ਕਿ ਉਹਨਾਂ ਦੀ ਨੁਕਸਾਨ ਕਰਨ ਦੀ ਸਮਰਥਾ ਹਾਲੇ ਵੀ ਕਾਫੀ ਹੈ ਅਤੇ ਚੋਣਾਂ ਦੇ ਦਿਨਾਂ ਤੋਂ ਪਹਿਲਾਂ ਉਹ ਹਾਲਾਤ ਹੋਰ ਵੀ ਵਿਗਾੜ ਸਕਦੇ ਹਨ।

ਫੜੇ ਗਏ ਅੱਤਵਾਦੀ ਤੱਤਾਂ ਵਲੋਂ ਕੀਤੇ ਗਏ ਇੰਕਸ਼ਾਫਾਂ ਨੂੰ ਮੁੱਖ ਰਖਦਿਆਂ ਅਤੇ ਪਾਕਿਸਤਾਨ ਨਾਲ ਲਗਦੀ ਸਰਹੱਦ ਰਾਹੀਂ ਅੱਤਵਾਦੀ ਤੱਤਾਂ ਦੀ ਆਵਾਜਾਈ ਅਤੇ ਉਹਨਾਂ ਵਲੋਂ ਨਵੀਨ ਹਥਿਆਰ ਲਿਆਉਣ ਨੂੰ ਮੁੱਖ ਰਖਦਿਆਂ ਲੋੜ ਤਾਂ ਇਸ ਗਲ ਦੀ ਹੈ ਕਿ ਅੱਤਵਾਦੀ-ਵੱਖਵਾਦੀ ਤੱਤਾਂ ਵਿਰੁਧ ਵਿਸ਼ਾਲ ਲਾਮਬੰਦੀ ਕੀਤੀ ਜਾਵੇ ਅਤੇ ਹੋਰ ਸਭੇ ਤਰਾਂ ਦੇ ਕਦਮ ਪੁਟੇ ਜਾਣ ਪਰ ਅਜਿਹੀ ਵਿਸ਼ਾਲ ਲਾਮਬੰਦੀ ਤਾਂ ਹੀ ਸੰਭਵ ਹੈ ਜੇਕਰ ਕੇਂਦਰੀ ਸਰਕਾਰ ਪੰਜਾਬ ਸਮਝੌਤੇ ਦੀ ਸੇਧ ਵਿਚ ਪੰਜਾਬ ਮਸਲਾ ਦਾ ਕੋਈ ਰਾਜਸੀ ਹਲ ਕਰ ਦਿਤਾ ਜਾਵੇ। ਪਰ ਦੁਖਦਾਇਕ ਗੱਲ ਇਹ ਹੈ ਕਿ ਕੇਂਦਰੀ ਸਰਕਾਰ ਤੰਗ-ਸਿਆਸੀ ਹਿੱਤਾਂ ਦੀ ਪੂਰਤੀ ਲਈ ਰਾਜਸੀ ਹੱਲ ਨੂੰ ਲਟਕਾ ਰਹੀ ਹੈ।

ਕੇਂਦਰੀ ਸਰਕਾਰ ਦੀ ਇਹ ਪਾਲਸੀ ਨਾ ਹੀ ਪੰਜਾਬ ਦੇ ਹਿੱਤ ਵਿਚ ਹੈ ਅਤੇ ਨਾ ਹੀ ਦੇਸ਼ ਦੇ ਹਿੱਤ ਵਿਚ ਇਸ ਪਾਲਸੀ ਨਾਲ ਅੱਤਵਾਦ-ਵੱਖਵਾਦ ਨੂੰ ਹੀ ਆਧਾਰ ਮੁਹੱਈਆ ਹੋ ਰਿਹਾ ਹੈ ਜਿਸ ਦੀ ਸਾਮਰਾਜੀ ਸ਼ਕਤੀਆਂ ਹਰ ਢੰਗ ਨਾਲ ਮਦਦ ਕਰ ਰਹੀਆਂ ਹਨ।

ਇਹਨਾਂ ਸਾਰੇ ਪਹਿਲੂਆਂ ਨੂੰ ਮੁੱਖ ਰਖਦਿਆਂ ਲੋੜਾਂ ਦੀ ਲੋੜ ਇਹ ਹੈ ਕਿ ਸਭਨਾਂ ਹੀ ਪਾਸਿਆਂ ਵਲੋਂ ਕੇਂਦਰੀ ਸਰਕਾਰ ਉਤੇ ਇਸ ਪੱਖ ਤੋਂ ਦਬਾਅ ਪਾਇਆ ਜਾਵੇ ਕਿ ਉਹ ਪੰਜਾਬ ਮਸਲੇ ਦੇ ਸਿਆਸੀ ਨਬੇੜੇ ਲਈ ਫੌਰੀ ਤੌਰ ਉਤੇ ਕੁਝ ਕਰੇ।

●

# ਵਾਹਦੇ ਜੋ ਕਦੇ ਪੂਰੇ ਨਹੀਂ ਹੁੰਦੇ

ਸਾਡੇ ਸਿਆਸਤਦਾਨਾਂ ਨੂੰ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਚਿੰਤਾ ਘਟ ਹੁੰਦੀ ਹੈ ਕਿਉਂਕਿ ਚੋਣਾਂ ਜਿੱਤਣ ਉਪਰੰਤ ਉਹਨਾਂ ਦੀਆਂ ਦਿਲਚਸ-ਪੀਆਂ ਦਾ ਘੇਰਾ ਵੋਟਰਾਂ ਵਲੋਂ ਹਟ ਕੇ ਤਾਕਤ ਦੀ ਜਾਇਜ਼-ਨਜਾਇਜ਼ ਵਰਤੋਂ ਵਲ ਹੋ ਜਾਂਦਾ ਹੈ। ਫਿਰ ਵੀ ਦੇਸ਼ ਦੀ ਸੰਸਦ ਵਿਚ ਕੀਤੇ ਗਏ ਵਾਅਦਿਆਂ ਦੀ ਪੂਰਤੀ ਉਹਨਾਂ ਦਾ ਨੈਤਿਕ ਫਰਜ਼ ਹੀ ਨਹੀਂ ਸਗੋਂ ਬੁਨਿਆਦੀ ਜਿੰਮੇਂਵਾਰੀ ਵੀ ਬਣ ਜਾਂਦੀ ਹੈ। ਪਰ ਦੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਮੰਤਰੀ ਸੰਸਦ ਵਿਚ ਕੀਤੇ ਗਏ ਐਲਾਨਾਂ ਤੇ ਵਾਅਦਿਆਂ ਦੀ ਪੂਰਤੀ ਵਿਚ ਟਾਲ ਮਟੋਲ ਤੋਂ ਕੰਮ ਲੈਂਦੇ ਹਨ। ਪਾਰਲੀਮਾਨੀ ਮਾਮਲਿਆਂ ਦੇ ਮੰਤਰਾਲੇ ਵਲੋਂ ਪਿਛੇ ਜਿਹੇ ਸਾਰੇ ਕੇਂਦਰੀ ਮੰਤਰਾ-ਲਿਆਂ, ਵਿਭਾਗਾਂ ਤੇ ਹੋਰ ਸੰਗਠਨਾਂ ਤੋਂ ਪੁੱਛ-ਗਿੱਛ ਕੀਤੀ ਗਈ ਕਿ ਉਹਨਾਂ ਵਲੋਂ ਦੁਆਏ ਗਏ ਵਖ ਵਖ ਕੰਮਾਂ ਸਬੰਧੀ ਭਰੋ-ਸਿਆਂ ਦਾ ਕੀ ਬਣਿਆ। ਇਹਨਾਂ ਦੀ ਪੂਰਤੀ ਕੀਤੀ ਗਈ ਜਾਂ ਨਹੀਂ ? ਜੇ ਨਹੀਂ ਤਾਂ ਇਸ ਸਬੰਧੀ ਅੱਗੋਂਕੀ ਕੀਤਾ ਜਾ ਰਿਹਾ ਹੈ ? ਪਾਰਲੀਮਾਨੀ ਮਾਮਲਿਆਂ ਦੇ ਮੰਤ-ਰਾਲੇ ਨੂੰ ਇਹਨਾਂ ਮੰਤਰਾਲਿਆਂ ਤੇ ਵਿਭਾਗਾਂ ਵਲੋਂ ਦੋ ਜਵਾਬ ਮਿਲੇ। ਉਹਨਾਂ ਦੀ ਸੰਖੇਪ ਸੂਚੀ ਇਸ ਪ੍ਰਕਾਰ ਹੈ : ਮਾਮਲਾ ਨਿਰੀਖਣ ਅਧੀਨ ਹੈ, ਮੈਂ (ਮੰਤਰੀ ਜਾਂ ਮੁਖੀ) ਇਸ ਦੀ ਪੜਤਾਲ ਕਰਾਂਗਾ, ਮੈਂ ਆਦਰਯੋਗ (ਸੰਸਦ) ਨੂੰ ਸੂਚਿਤ ਕਰਾਂਗਾ, ਇਹ ਮਾਮਲਾ ਮੁੱਖ ਤੌਰ 'ਤੇ ਪ੍ਰਾਂਤਕ ਸਰ-ਕਾਰ ਨਾਲ ਸਬੰਧਤ ਹੈ ਫਿਰ ਵੀ ਮੈਂ ਇਸ ਵਲ ਧਿਆਨ ਦਿਆਂਗਾ, ਮੈਂ ਇਸ ਬਾਰੇ ਪ੍ਰਾਂਤਕ ਸਰਕਾਰਾਂ ਨੂੰ ਲਿਖਾਂਗਾ, ਮੈਂ ਆਪਣੇ ਦੌਰੇ ਸਮੇਂ ਮੌਕੇ 'ਤੇ ਜਾ ਕੇ ਹਾਲਤਾਂ ਦਾ ਨਿਰੀਖਣ ਕਰਾਂਗਾ, ਮੈਂ ਮਾਮਲੇ ਤੇ ਵਿਚਾਰ ਕਰਾਂਗਾ, ਮੈਂ ਦੇਖਾਂਗਾ ਕਿ ਇਸ ਬਾਰੇ ਕੀ ਕੀਤਾ ਜਾ ਸਕਦਾ ਹੈ, ਆਦਿ। ਠੋਸ ਸਵਾਲਾਂ ਦੇ ਅਜਿਹੇ ਧੁੰਦਲੇ ਅਨਿਸਚਤ, ਅੱਧ-ਪਚੱਧੇ ਤੇ ਟਾਲਮਟੋਲ ਵਾਲੇ ਜਵਾਬ ਕੇਵਲ ਕੇਂਦਰੀ ਮੰਤਰੀਆਂ ਤੇ ਸਰਕਾਰੀ ਵਿਭਾਗਾਂ ਦੇ ਮੁਖੀਆਂ ਤਕ ਹੀ ਸੀਮਤ ਨਹੀਂ ਸਗੋਂ ਸਪੀਕਰ ਤੇ ਡਿਪਟੀ ਸਪੀਕਰ ਵਲੋਂ ਦਿਤੇ ਗਏ ਜਵਾਬ ਵੀ ਲਗਭਗ ਇਸੇ ਤਰਾਂ ਦੇ ਹਨ ਜਿਹਨਾਂ ਦਾ ਕੋਈ ਸਿਰ ਪੈਰ ਨਹੀਂ ਬਣਦਾ। ਇਹ ਸਾਰੀ ਜਾਣਕਾਰੀ ਸਰਕਾਰੀ ਭਰੋਸਿਆਂ ਦੀ ਪੁਣ-ਛਾਣ ਬਾਰੇ ਬਣਾਈ ਗਈ ਪਾਰਲੀਮਾਨੀ ਕਮੇਟੀ ਨੇ ਆਪਣੀ 18ਵੀਂ ਰਿਪੋਰਟ ਵਿਚ ਦਰਜ ਕੀਤੀ ਹੈ। ਇਸ ਤੋਂ ਇਕ ਗਲ ਚੰਗੀ ਤਰਾਂ ਸਪਸ਼ਟ ਹੋ ਜਾਂਦੀ ਹੈ ਕਿ 'ਤੇਜ਼ੀ ਨਾਲ ਕੰਮ ਕਰਨ ਵਾਲੀ ਸਰਕਾਰ' ਦੀ ਕਾਰਗੁਜ਼ਾਰੀ ਦੀ ਰਫਤਾਰ ਕਿੰਨੀ ਕੁ 'ਤੇਜ਼' ਹੈ। ਅਜੀਬ ਗਲ ਇਹ ਵੀ ਹੈ ਕਿ ਇਹ ਰਿਪੋਰਟ ਉਦੋਂ ਸਾਹਮਣੇ ਆ ਈ ਹੈ ਜਦੋਂ ਵਰਤਮਾਨ ਸਰ-ਕਾਰ ਦੀ ਪੰਜ ਸਾਲਾਂ ਦੀ ਮਿਆਦ ਪੂਰੀ ਹੋਣ ਵਿਚ ਕੇਵਲ ਕੁਝ ਮਹੀਨੇ ਹੀ ਰਹਿੰਦੇ ਹਨ।

ਉਕਤ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਸਰਕਾਰੀ ਮੰਤਰਾਲਿਆਂ ਤੇ ਵਿਭਾਗਾਂ ਵਲੋਂ ਦਿਤੇ ਗਏ ਭਰੋਸਿਆਂ ਨੂੰ ਅਮਲ ਵਿਚ ਲਿਆਉਣ ਵਿਚ ਹੋਣ ਵਾਲੀ ਦੇਰੀ ਨੂੰ ਵਧ ਤੋਂ ਵਧ ਘਟਾਉਣ ਲਈ ਹਰ ਤਿੰਨ ਮਹੀਨਿਆਂ ਮਗਰੋਂ ਉਚ ਪੱਧਰੀ ਨਿਰੀਖਣ ਹੁੰਦਾ ਰਹਿਣਾ ਚਾਹੀਦਾ ਹੈ। ਇਹ ਸੁਝਾਓ ਨਿਸ਼ਚੇ ਹੀ ਸੁਆਗਤ ਯੋਗ ਹੈ ਅਤੇ ਦੇਖਣਾ ਇਹ ਹੈ ਕਿ ਕੇਂਦਰ ਸਰਕਾਰ ਇਸ ਸੁਝਾਓ ਉਤੇ ਅਮਲ ਕਰਨ ਦਾ ਭਰੋਸਾ ਹੀ ਦੁਆ-ਉਂਦੀ ਹੈ। ਜਨਤਕ ਤੌਰ 'ਤੇ ਸਿਆਸਤ-ਦਾਨਾਂ ਵਲੋਂ ਚੋਣਾਂ ਤੋਂ ਪਹਿਲਾਂ ਕੀਤੇ ਗਏ ਵਾਅਦਿਆਂ ਤੇ ਦਿਤੇ ਗਏ ਭਰੋਸਿਆਂ ਉਤੇ ਅਮਲ ਹੋਣ ਦੀ ਲੋਕਾਂ ਨੂੰ ਬਹੁਤੀ ਆਸ ਨਹੀਂ ਹੁੰਦੀ ਕਿਉਂਕਿ ਉਹ ਅਨੇਕਾਂ ਵਾਰ ਇਹ ਗਲ ਅਜ਼ਮਾ ਚੁਕੇ ਹਨ ਕਿ ਅਜਿਹੇ ਸਬਜ਼ਬਾਗ ਚੋਣ ਪਰਚਾਰ ਦਾ ਅੰਗ ਹੋਣ ਤੋਂ ਬਿਨਾਂ ਬਹੁਤੀ ਮਹੱਤਤਾ ਨਹੀਂ ਰਖਦੇ। ਫਿਰ ਵੀ ਕੋਈ ਮਹਤਵਪੂਰਨ ਅਹਦਾ ਸੰਭਾਲਣ ਤੋਂ ਬਾਅਦ ਹਰ ਸਿਆਸਤਦਾਨ ਦੀ ਜ਼ੁਮੇਂਵਾਰੀ ਬਣ ਜਾਂਦੀ ਹੈ ਕਿ ਉਹ ਅਹੁਦੇ 'ਤੇ ਰਹਿਣ ਸਮੇਂ ਦਿਤੇ ਭਰੋਸਿਆਂ ਅਤੇ ਕੀਤੇ ਐਲਾਨਾਂ ਉਤੇ ਜ਼ਰੂਰ ਪੂਰਾ ਉਤਰੇ। ਅਜਿਹਾ ਕਰਕੇ ਉਹ ਆਪਣੇ ਫਰਜ਼ਾਂ ਦੀ ਪੂਰਤੀ ਹੀ ਕਰ ਰਿਹਾ ਹੁੰਦਾ ਹੈ, ਕਿਸੇ ਉਤੇ ਅਹਿਸਾਨ ਨਹੀਂ। ਇਸ ਤੋਂ ਇਲਾਵਾ ਸੰਸਦ ਦਾ ਆਪਣਾ ਮਹੱਤਵ ਤੇ ਗੌਰਵ ਹੈ ਅਤੇ ਇਹ ਦੇਸ਼ ਦੇ ਲੋਕਾਂ ਵਲੋਂ ਚੁਣੇ ਗਏ ਪ੍ਰਤੀਨਿਧਾਂ ਦਾ ਅਜਿਹਾ ਸਰਵ ਉਚ ਮੰਚ ਹੈ ਜਿਸ ਦੇ ਸਾਹਮਣੇ ਆਖੀਆਂ ਗਈਆਂ ਗਲਾਂ ਦਾ ਮਹੱਤਵ ਨਿਜੀ ਪ੍ਰਣ ਵਰਗਾ ਹੋਣਾ ਚਾਹੀਦਾ ਹੈ। ਜੇ ਮੰਤਰੀ ਅਤੇ ਸਰਕਾਰੀ ਵਿਭਾਗਾਂ ਦੇ ਮੁਖੀ ਸੰਸਦ ਅਗੇ ਜਵਾਬਦੇਹ ਨਹੀਂ ਹੁੰਦੇ ਤਾਂ ਇਸ ਦਾ ਅਰਥ ਇਹ ਹੈ ਕਿ ਉਹ ਦੇਸ਼ ਦੇ ਨਾਗਰਿਕਾਂ ਪ੍ਰਤੀ ਆਪਣੀ ਮੁੱਢਲੀ ਜਿੰਮੇਂਵਾਰੀ ਤੋਂ ਬੇਮੁੱਖ ਹੋ ਰਹੇ ਹਨ। ਉਹਨਾਂ ਦਾ ਅਜਿਹਾ ਰਵਈਆ ਜਿਥੇ ਸੰਸਦ ਦੀ ਮਾਣ ਮਰਿਆਦਾ ਤੇ ਗੌਰਵ ਨੂੰ ਧੱਕਾ ਲਾਉਣ ਵਾਲਾ ਹੈ ਉਥੇ ਲੋਕਾਂ ਵਿਚ ਵਿਸ਼ਵਾਸ ਨੂੰ ਸਖਤ ਸੱਟ ਲਾਉਣ ਵਾਲਾ ਵੀ ਹੋ ਨਿਬੜਿਆ ਹੈ। ਸਾਡੀ ਲੋਕਤੰਤਰੀ ਪ੍ਰਣਾਲੀ ਵਿਚ ਆਏ ਨਿਘਾਰ ਪਿਛੇ ਇਹ ਵੀ ਵਡਾ ਕਾਰਨ ਹੈ। ਪ੍ਰਧਾਨ ਮੰਤਰੀ ਆਏ ਦਿਨ ਲੋਕ ਦੀਆਂ ਮੁਸ਼ਕਲਾਂ ਵਲ ਨਿਜੀ ਧਿਆਨ ਦੇਣ ਦਾ ਭਰੋਸਾ ਦੁਆਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਸ਼ਾਇਦ ਇਸ ਦਾ ਕਾਰਨ ਕੁਝ ਮਹੀਨਿਆਂ ਬਾਅਦ ਹੋਣ ਵਾਲੀਆਂ ਲੋਕ ਸਭਾ ਚੋਣਾਂ ਹੀ ਹਨ। ਜੇ ਰਾਜੀਵ ਗਾਂਧੀ ਸੱਚ-ਮੁੱਚ ਲੋਕਾਂ ਦੀਆਂ ਸਮਸਿਆਵਾਂ ਹੱਲ ਕਰਨ ਲਈ ਗੰਭੀਰ ਹਨ ਤਾਂ ਉਹਨਾਂ ਨੂੰ ਪਹਿਲਾਂ ਆਪਣੇ ਨੇੜੇ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਤੇ ਇਸ ਦੀ ਕਾਰਜਕੁਸ਼ਲਤਾ ਵਲ ਧਿਆਨ ਦੇਣਾ ਚਹੀਦਾ ਹੈ।

(ਸੰਪਾਦਕੀ ਪੰਜਾਬੀ ਟ੍ਰਿਬਿਊਨ)

# ਗ਼ਜ਼ਲ

—ਜੰਗ ਬਹਾਦਰ ਸਿੰਘ ਘੁੰਮਣ

ਪੈਂਡੇ ਦੇ ਆਦੀ ਪੈਰਾਂ ਤੋਂ ਹੁਣ ਹੋਰ ਸਹਾਰਾ ਨਹੀਂ ਹੋਣਾ,
ਝੱਖੜ ਤੋਂ ਡਰਕੇ ਮਾਂਝੀ ਦਾ ਹੁਣ ਹੋਰ ਗੁਜ਼ਾਰਾ ਨਹੀਂ ਹੋਣਾ।

ਹਾਲੇ ਵੀ ਯਾਰੋ ਠੱਲਣਾ ਨਹੀਂ ਜੇ ਦੇਸ ਪੜਾ ਤੋਂ ਹਿੱਲਣਾ ਨਹੀਂ,
ਝਿਲਮਿਲ ਕਰਦੀਆਂ ਲਹਿਰਾਂ ਦਾ ਫਿਰ ਹੋਰ ਇਸ਼ਾਰਾ ਨਹੀਂ ਹੋਣਾ।

ਹਰ ਪਾਸੇ ਨ੍ਹੇਰਾ ਛਾਇਆ ਜੋ ਕਾਲਖ ਨੇ ਗਲਬਾ ਪਾਇਆ ਜੋ,
ਚਾਨਣ ਦੇ ਆਸ਼ਕ ਲੋਕਾਂ ਨੂੰ ਇਹ ਹੋਰ ਗਵਾਰਾ ਨਹੀਂ ਹੋਣਾ।

ਘੁੱਟ ਘੁੱਟ ਜਿਊਂਦੇ ਲੋਕਾਂ ਦਾ ਐ ਸੂਰਜ ਤੇਰੇ ਹੋਕੇ ਨੂੰ,
ਸੀਸ ਤਲੀ ਧਰ ਤੁਰਿਆਂ ਦਾ ਕੋਈ ਹੋਰ ਹੁੰਗਾਰਾ ਨਹੀਂ ਹੋਣਾ।

ਨਵ-ਜੀਵਨ ਦੇ ਲਈ ਲੋਚ ਰਿਹਾ ਰੋਹ ਭਰਿਆ ਏਕਾ ਲੋਕਾਂ ਦਾ,
ਸਬਰਾਂ ਦੀ ਭੱਠੀ ਸੜ ਸੜਕੇ ਹੁਣ ਹੋਰ ਨਕਾਰਾ ਨਹੀਂ ਹੋਣਾ।

2nd class Mail Reg. No. 6794
Monthly Magazine

To

The
lokta
P.O.Box 67534 STN.'O'
VANCOUVER, B.C. V5W 3T9




SHAN
SAREES &
DRAPERY LTD.

ਪੰਜਾਬੀ ਮਾਰਕਿਟ
ਵਿੱਚ ਆਉਣ ਸਮੇਂ
ਹੋਰ ਛਾਂਗੀਆਂ
ਗਈਆਂ ਕੀਮਤਾਂ
ਤੇ ਨਵੇਂ ਪੁੱਜੇ ਮਾਲ
ਨੂੰ ਦੇਖੇ ਬਗੈਰ ਨਾ
ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਉਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਥੋੜ੍ਹਾ ਨਾ ਥੋੜ੍ਹਾ ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ਼ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ
ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ
ਖੁਸ਼ੀ ਮਹਿਸੂਸ ਕਰੇਗਾ।

# ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

**6543 MAIN ST. [BETWEEN 49TH. & 50TH.]**
**VANCOUVER, PH: 321-1955. 321-0847**